"ਜਾਂ ਕਉ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"




## ਵਿਸਾਖੀ ਨੰਬਰ

---

## ਵਾਰ ਭਾਈ ਗੁਰਦਾਸ ਜੀ

ਗੁਰਮੁਖ ਜਨਮ ਸਕਾਰਥਾ ਗੁਰਸਿਖ ਮਿਲ ਗੁਰ ਸਰਣੀ ਆਇਆ ॥
ਆਦਿ ਪੁਰਖ ਆਦੇਸ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ ॥
ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਮਲ ਗੁਰ ਲਾਇਆ ॥
ਸਤਿਗੁਰ ਪੁਰਖ ਦਇਆਲ ਹੋਇ ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥
ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗ ਪੈਰੀ ਪਾਇਆ ॥
ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਹੰਕਾਰ ਤਜਾਇਆ ॥
ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨ ਦ੍ਰਿੜਾਇਆ ॥
ਗੁਰਸਿਖਿ ਲੈ ਗੁਰਸਿਖੁ ਸਦਾਇਆ ॥



www.AKJ.Org

# ਲੇਖ ਸੂਚੀ


| ਲੇਖ | ਲੇਖਕ | |
|---|---|---|
| ੧. ਸ਼ਬਦ | | ੧ |
| ੨. ਅੰਮ੍ਰਿਤ ਸਮਾਗਮ ਰਚਨ ਦਾ ਚੋਜ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੨ |
| ੩. ਸ੍ਰੀ ਅਕਾਲ ਪੁਰਖ ਦਾ ਖਾਲਸਾ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੫ |
| ੪. ਗੁਰਸਿੱਖ | ਪ੍ਰੋ: ਹਰਬੰਸ ਸਿੰਘ ਜੀ | ੭ |
| ੫. ਵੈਸਾਖੁ ਭਲਾ | ਸ: ਸੇਵਾ ਸਿੰਘ 'ਸੇਵਕ' ਤਰਨਤਾਰਨ | ੧੧ |
| ੬. ਆਤਮਿਕ ਉਪਦੇਸ਼ | ਗਿ; ਕਰਮ ਸਿੰਘ 'ਭੰਡਾਰੀ' ਐਡੀਟਰ 'ਪ੍ਰੀਤ ਪਟਾਰੀ' ਬਰਨਾਲਾ | ੧ |
| ੭. ਜ਼ਫਰਨਾਮਾ—ਇਕ ਅਧਿਅਨ | ਗਿ: ਕਰਮ ਸਿੰਘ ਜੀ ਭੰਡਾਰੀ, ਐਡੀਟਰ ਪ੍ਰੀਤ ਪਟਾਰੀ, ਬਰਨਾਲਾ | ੧ |
| ੮. ਇਨ ਗਰੀਬ ਸਿਖਨ ਕੋ ਦੇਊਂ ਪਾਤਸ਼ਾਹੀ | ਗਿ: ਗੁਰਦਿੱਤ ਸਿੰਘ ਸੰਪਾਦਕ 'ਪ੍ਰਕਾਸ਼'ਪਟਿਆਲਾ | ੨ |
| ੯. ਜੀ ਪਿਆਰਾ ਕਿਵੇਂ ਲਗੇ ? | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ | ੪੧ |
| ੧੦. ਭਗਤ ਸੈਣ ਜੀ | ਪ੍ਰੋ: ਗੁਰਮੁਖ ਸਿੰਘ | ੪੬ |


----

ਸੇਵਕ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਪੁਰਾਣੀ ਕੋਤਵਾਲੀ ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305 L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 „

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬] ੧ ਅਪਰੈਲ ੧੯੭੨ [ਅੰਕ ੩

### ਸਾਰੰਗ ਮਹਲਾ ੫

ਹਰਿ ਹਰਿ ਨਾਮੁ ਦੀਓ ਗੁਰਿ ਸਾਥੇ ॥
ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ ॥ ੧ ॥ ਰਹਾਉ ॥
ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਨਾਥੇ ॥
ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ ॥ ੧ ॥
ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ ॥
ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ ॥ ੨ ॥

www.AKJ.Org

# ਅੰਮ੍ਰਿਤ ਸਮਾਗਮ ਰਚਨ ਦਾ

–ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਇਸੇ ਚੋਜ ਰਚਨ ਖਾਤਰ ਹੀ ਸਤਿਗੁਰੂ ਦਸ਼ਮੇਸ਼ ਜੀ ਨੇ ਨੈਨਾਂ ਦੇਵੀ ਦਾ ਦੰਭ ਨਿਵਾਰਨੀ ਪਖੰਡ ਹਿੰਦ ਵੈਣੀ ਅਚਾਰਜਾਂ ਦਾ ਨਵਿਰਤ ਕਰਨ ਖਾਤਰ ਹੀ ਇਹ ਸਾਰਾ ਅਡੰਬਰ ਨੈਣਾਂ ਦੇਵੀ ਦੇ ਪ੍ਰਸਿਧ ਟਿਲੇ ਉਤੇ ਰਚਨ ਕੀਤਾ, ਦੇਵੀ ਪ੍ਰਸਿਧ ਕਰਨ ਖਾਤਰ ਨਹੀਂ ਕੀਤਾ। ਪ੍ਰਿਥਮ ਤਾਂ ਹਿੰਦੂ ਪਖੰਡੀ ਮੱਤ ਦੇ ਅਚਾਰਜਾਂ ਦਾ ਇਹ ਹਮਾਕਤ ਭਰਿਆ ਪਖੰਡ ਦੂਰ ਕੀਤਾ ਅਤੇ ਉਨ੍ਹਾਂ ਪਖੰਡੀਆਂ ਦਾ ਜੋ ਇਹ ਦਾਵਾ ਸੀ ਕਿ ਅਸੀਂ ਆਪਣੀ ਜਾਨ ਦੀ ਅਹੂਤੀ ਦੇ ਕੇ ਦੇਵੀ ਪ੍ਰਸਿਧ ਕਰਾਂਗੇ, ਬਹੁਤ ਸਾਰੀ ਸਾਮਿਗਰੀ ਉਨ੍ਹਾਂ ਨੇ ਇਕਤਰ ਕਰਵਾਈ। ਓੜਕ ਜਦ ਉਨ੍ਹਾਂ ਤੋਂ ਕੁਛ ਨਾ ਸਰਿਆ ਤਾਂ ਪਿੱਠ ਦੇ ਭਜ ਨਸੇ।

ਉਨ੍ਹਾਂ ਦੇ ਭੱਜ ਨਸਣ ਪਸ਼ਚਾਤ ਰਹਿੰਦ ਖੂੰਹਦ ਸਾਰੀ ਸਾਮਿਗਰੀ ਜੋ ਭੱਜ ਨਿਕਲਣ ਵਾਲੇ ਪਖੰਡੀ ਬ੍ਰਾਹਮਣਾਂ ਨੇ ਇਕਤ੍ਰ ਕਰਵਾਈ ਸੀ ਸਾਰੀ ਦੀ ਸਾਰੀ ਇਕ ਦਮ ਹੀ ਪ੍ਰਚੰਡਕਾ ਦੇ ਭੇਟ ਕਰ ਦਿਤੀ ਜਿਸ ਕਰਕੇ ਬੜਾ ਹੀ ਚਾਨਣਾ ਪ੍ਰਚੰਡ ਹੋ ਗਿਆ, ਜਿਸ ਨੂੰ ਆਮ ਕੁਬੁਧੀ ਵਾਲੇ ਲੋਕ ਦੇਵੀ ਪ੍ਰਗਟ ਹੋਈ ਸਮਝਣ ਲਗ ਪਏ। ਸਚੇ ਪਾਤਸ਼ਾਹ ਸ੍ਰੀ ਦਸਮੇਸ ਜੀ ਨੇ ਉਸ ਟਿਬੇ ਉਤੋਂ ਉਤਰ ਕੇ ਅਤੇ ਵੰਗਾਰ ਕੇ ਆਮ ਲੋਕਾਂ ਨੂੰ ਦਸਿਆ ਕਿ ਖਾਲਸਾ ਜੀ ਦੀ (ਗੁਰੂ ਘਰ ਦੀ) ਇਹੋ ਦੇਵੀ ਸ੍ਰੀ ਸਾਹਿਬ ਅਥਵਾ ਭਗੌਤੀ ਹੈ ਹੋਰ ਕੋਈ ਦੇਵੀ ਨਹੀਂ, ਓਦੂੰ ਪਿਛੋਂ ਸੀ ਦਸਮੇਸ਼ ਜੀ ਨੇ ਦੂਜਾ ਚੋਜ਼ ਇਹ ਰਚਿਆ ਕਿ ਤੰਬੂ ਤਾਣ ਕੇ ਉਸ ਦੇ ਅੰਦਰੇ ਅੰਦਰ ਪੰਜਾਂ ਪਿਆਰਿਆਂ ਦਾ ਸੀਸ ਲੈ ਕੇ ਅਤੇ ਉਸ ਤੰਬੂ ਦੇ ਅੰਦਰ ਪੰਜਾਂ ਸਿੰਘਾਂ ਤੋਂ ਖ਼ੁਦ ਅੰਮ੍ਰਿਤ ਛਕ ਕੇ ਸਾਵਧਾਨ ਹੋ ਨਿਕਲੇ। ਇਹ ਇਤਿਹਾਸਕਾਰਾਂ ਦੀ ਬਿਲਕੁਲ ਗਲਤ ਫਹੌਰੀ ਪਾਈ ਹਈ ਹੈ ਕਿ ਤੰਬੂ ਦੇ ਅੰਦਰ ਪੰਜ ਬੱਕਰੇ ਬਧੇ ਗਏ :-

"ਨਾਟਕ ਚੇਟਕ ਕਰਤ ਕੁਕਾਜਾ ॥
ਪ੍ਰਭੂ ਲੋਗਨ ਕੋ ਆਵਤ ਲਾਜਾ ॥"

ਦੇ ਮਹਾਂਵਾਕ ਅਨੁਸਾਹ ਗੁਰਮਤਿ ਅਨੁਸਾਰ ਇਹ ਮਹਾਂ ਕੁਕਾਜ ਗਰਦਾਨਿਆ ਜਾ ਸਕਦਾ ਹੈ ਕਿ ਸਤਿਗੁਰੂ ਸ੍ਰੀ ਦਸਮੇਸ਼ ਜੀ ਕਰਨ ਕੁਛ ਤੇ ਦਿਖਾਉਣ ਕੁਛ। ਆਮ ਲੋਕੀ ਇਸ ਕੌਤਕ ਨੂੰ ਦੇਖਕੇ ਦੰਗ ਰਹਿ ਗਏ। ਵਰਨ ਆਸ਼ਰਮ ਸਾਰੇ ਮਿਟਾ ਕੇ ਸਤਿਗੁਰੂ ਜੀ ਨੇ ਸਾਰੇ ਵਰਨਾਂ ਦੇ ਸਾਝੇ ਪੰਜ ਪਿਆਰੇ ਸੀਸ ਭੇਟਾ ਲੈ ਕੇ ਰਚੇ ਤੇ ਉਨ੍ਹਾਂ ਪੰਜਾਂ ਪਿਆਰਿਆਂ ਪਾਸੋਂ ਉਸ ਤੰਬੂ ਅੰਦਰ ਹੀ ਅੰਮ੍ਰਿਤ ਪਾਨ ਕੀਤਾ ਅਤੇ "ਧੰਨ ਧੰਨ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਰੀਤ ਚਲਾਈ। ਇਹ ਇਤਫਾਕ ਦੀ ਗੱਲ ਸੀ ਕਿ ਉਸ ਸਮੇਂ ਪੰਜ ਪਿਆਰੇ ਜੋ ਨਿਤਰੇ, ਉਹ ਗਿਣਵੇਂ ਪੰਜ ਵਰਨਾਂ ਵਿਚੋਂ ਹੀ ਸਨ। ਇਸ ਦਾ ਇਹ ਭਾਵ ਨਹੀਂ ਕਿ ਇਸਤਰੀ ਜਾਤੀ ਆਦਿਕ ਹੋਰ ਸਾਰੇ ਵਰਨ ਵਾਂਝੇ ਰਖੇ ਗਏ, ਜੈਸਾ ਕਿ ਝੀਵਰ, ਨਾਈ ਆਦਿਕ ਵਰਨਾਂ ਵਿਚੋਂ ਲਏ ਗਏ। ਪੰਜਾਂ ਪਿਆਰਿਆਂ ਦੀ ਮਿਸਾਲ ਲੈ ਕੇ ਅਜ ਕਲ੍ਹ ਦੇ ਥੋੜ-ਦਿਲੇ ਵਰਨਣ



www.AKJ.Org

ਅਾਸ਼ਰਮੀ ਹਮਾਕਤ ਬਾਜ਼ ਇਹ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਗੇਣਵੇਂ ਵਰਨ ਆਸ਼ਰਮ ਹੀ ਪੰਜ ਪਰਕਾਰੀ ਬੰਦਿਆਂ ਤੋਂ ਬਾਹਰ ਹੋਰ ਕੋਈ ਵਰਨ ਆਸ਼ਰਮੀ ਬੰਦਾ ਪੰਜਾਂ ਪਿਆਰਿਆਂ ਵਿਚ ਲਿਆ ਹੀ ਨਹੀਂ ਜਾ ਸਕਦਾ। ਇਸਤ੍ਰੀ ਜਾਤੀ ਨੂੰ ਆਮ ਹਿੰਦਵੈਣੀ ਅਕੀਦੇ ਅਨੁਸਾਰ ਸੂਦਰ ਜਾਤੀ ਵਿਚ ਸ਼ੁਮਾਰ ਕੀਤਾ ਜਾਂਦਾ ਸੀ, ਜੋ ਅਜ ਕਲ੍ਹ ਉਸੇ ਘਟੀਅਲ ਅਕੀਦੇ ਵਾਲੇ ਨਾਈ ਝੀਵਰ ਆਦਿਕ ਪੰਜਾਂ ਪਿਆਰਿਆਂ ਦੀ ਮਿਸਾਲ ਵਾਲੇ ਕੁਸਮਝ ਲੋਗ ਕੁਸਮਝੀ ਬੈਠੇ ਹਨ। ਅਨੇਕਾਂ ਹੀ ਇਸਤ੍ਰੀ ਪੁਰਸ਼ ਆਨ ਵਰਨ ਆਸ਼ਰਮਾਂ ਵਿਚੋਂ ਸ੍ਰੀ ਦਸ਼ਮੇਸ਼ ਜੀ ਨੇ ਸਿੰਘ ਸਜਾਏ। ਏਥੋਂ ਤਕ ਕਿ ਮੁਹੰਮਦੀਆਂ ਚੋਥੇ ਪੌੜ ਵਾਲੇ (ਅਖਾਉਤੀ ਰੰਘਰੇਟੇ) ਨੂੰ ਵੀ ਖੰਡੇ ਦੇ ਅੰਮ੍ਰਿਤ ਦਾ ਬਾਟਾ ਪ੍ਰਦਾਨ ਕਰਕੇ ਉਚ ਦੁਮਾਲੜੇ ਵਾਲਾ ਸਿੰਘ ਸਜਾਇਆ। ਸ੍ਰੀ ਦਸਮੇਸ਼ ਜੀ ਦਾ ਇਹ ਚੋਜ ਨਿਰਾਲਾ ਹੈ ਕੇਵਲ ਵਿਸਾਖੀ ਵਾਲੇ ਦਿਨ ਹੀ ਇਹ ਚੋਜ ਰਚਿਆ ਗਿਆ ਅਤੇ ਅੰਮ੍ਰਿਤ ਦਾ ਖੁਲ੍ਹਾ ਬਾਟਾ ਓਸੇ ਤੰਬੂ ਅੰਦਰ ਹੀ ਤਿਆਰ ਕੀਤਾ ਗਿਆ। ਇਹ ਕੈਸੀ ਹੀਣੀ ਗੱਲ ਹੈ ਕਿ ਅੰਡਾ ਵਡਾ ਤੰਬੂ ਪੰਜਾਂ ਬਕਰਿਆਂ ਦੀ ਖਾਤਰ ਹੀ ਤਿਆਰ ਕੀਤਾ ਸੀ ? ਉਸੇ ਤੰਬੂ ਦੇ ਅਸਥਾਨ ਤੇ ਹੀ ਸੀਸ ਭੇਟ ਗੁਰਦਵਾਰਾ ਤਿਆਰ ਹੋਇਆ ਅਤੇ ਉਸੇ ਅਥਥਾਨ ਤੇ ਹੀ ਸ੍ਰੀ ਕੇਸ ਗੜ੍ਹ ਗੁਰਦਵਾਰਾ ਸਸ਼ੋਭਤ ਹੈ ਅਤੇ ਅਜ ਤਾਂਈਂ ਪ੍ਰਸਿਧ ਹੈ। ਖਾਲਸਾ ਜੀ ਨੂੰ ਮ੍ਰਿਤੂ ਦੇ ਘਾਟ ਤੋਂ ਪਾਰ ਉਤਾਰਨ ਵਾਲੀ ਸ੍ਰੀ ਸਾਹਿਬ (ਭਗਉਤੀ) ਹੀ ਅੰਮ੍ਰਿਤ ਸਰੂਪਾ ਜੀਆ ਦਾਨ ਬਖਸ਼ਣ ਲਈ ਸਮਰਥ ਹੈ। ਹੋਰ ਕੋਈ ਦੇਵੀ ਖਾਲਸਾ ਪੰਥ ਅੰਦਰ ਗੁਰਮਤਿ ਅਨੁਸਾਰ ਪ੍ਰਮਾਣੀਕ ਹੀ ਨਹੀਂ। ਏਸੇ ਸ੍ਰੀ ਸਾਹਿਬ (ਭਗਉਤੀ) ਨੂੰ ਲੈ ਹੀ ਸ੍ਰੀ ਦਸਮੇਸ਼ ਜੀ ਨੇ ਇਉਂ ਵੰਗਾਰਿਆ--

ਦੁਹੂੰ ਪੰਥ ਮੈ ਕਪਟ ਵਿਦਿਆ ਚਲਾਨੀ॥
ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ॥"

ਦੋਊ ਪੰਥ ਦਾ ਭਾਵ ਇਥੇ ਹਿੰਦੂ ਮਤ ਅਤੇ ਤੁਰਕ ਮਤ (ਬੇਦ ਕਤੇਬੀ ਮਤ) ਦਾ ਹੈ, ਤੀਸਰੇ ਪੰਥ ਖਾਲਸੇ ਦਾ ਮਤਲਬ ਹੈ। ਜੇਸਾ ਕਿ ਇਸ ਗੁਰਵਾਕ ਦਾ ਭਾਵ ਹੈ :—

"ਹਿੰਦੂ ਅੰਨ੍ਹਾ ਤੁਰਕੁ ਕਾਣਾ॥
ਦੁਹਾਂ ਤੇ ਗਿਆਨੀ ਸਿਆਣਾ।"

ਇਥੇ ਗਿਆਨੀ ਦਾ ਭਾਵ ਖਾਲਸਾ ਹੈ। ਸ੍ਰੀ ਦਸਮੇਸ਼ ਜੀ ਨੇ ਇਹ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਹੀ ਤਾਰਨ ਲਈ ਨਹੀਂ ਰਚਿਆ, ਬਲਕਿ ਤੁਰਕਾਂ ਮੁਹੰਮਦੀਆਂ ਦਾ ਇਕ ਸਾਰ ਹੀ ਹਕ ਰਖਿਆ ਗਿਆ ਹੈ। ਤਾਂ ਤੇ ਇਹ ਗਲ ਕਹਿਣੀ ਸ੍ਰੀ ਦਸਮੇਸ਼ ਜੀ ਦੇ ਪੰਥ ਨੂੰ ਛੁਟਿਆਣ ਵਾਲੀ ਗੱਲ ਹੈ ਕਿ ਖਾਲਸਾ ਪੰਥ ਕੇਵਲ ਹਿੰਦੂਆਂ ਨੂੰ ਤਾਰਨ ਖਾਤਰ ਹੀ ਰਚਿਆ ਗਿਆ ਹੈ। ਹਿੰਦੂਆਂ ਤੁਰਕਾਂ ਅਤੇ ਮਲੇਛਾਂ ਲਈ ਇਹ ਸਾਂਝਾ ਉਪਦੇਸ਼ ਹੀ ਗੁਰੂ ਦਸਮੇਸ਼ ਜੀ ਨੇ ਪਹਿਲੇ ਸਮੱਗਰ ਗੁਰੂ ਸਾਹਿਬਾਨ ਦੀ ਤਾਈਦੀ ਪੇਸ਼ਕਸ਼ ਅਨੁਸਾਰ ਹੀ ਰਚਿਆ ਅਤੇ ਖੂਬ ਨਿਆਰਾ ਰਖਣ ਦੀ ਸਾਜਨਾ ਵਿਚ ਸਾਜਿਆ। ਪਹਿਲੀਆਂ ਸਮੱਗਰ ਗੁਰੂ ਪਾਤਸ਼ਾਹੀਆਂ ਨੂੰ ਵੀ ਇਹੋ ਹੀ ਮਨਜ਼ੂਰ ਸੀ। ਸ੍ਰੀ ਦਸਮੇਸ਼ ਜੀ ਨੇ ਕੋਈ ਨਵੀਨ ਘਾੜਤ ਨਹੀਂ ਘੜੀ। ਹਾਂ ਇਸ ਵਿਸਾਖੇ ਦਾ ਪਵਿਤਰ ਦਿਹਾੜਾ ਸਰਬੱਤਰ ਮਤ ਮਤਾਂਤਰੀ ਭੇਖਾਂ ਅੰਦਰ ਅੰਮ੍ਰਿਤ ਦਾ ਸਾਂਝਾ ਖੰਡਾ ਖੜਕਾਉਣ ਵਾਸਤੇ ਖਾਸ ਮਖਸੂਸ ਤੌਰ ਤੇ ਇਸ ਵਿਸਾਖੇ ਦੇ ਗੁਰਪੁਰਬ ਨੂੰ ਹੀ ਨਿਆਰਾ ਕਰਕੇ ਪ੍ਰਗਟ ਪਹਾਰਾ ਦਿਤਾ ਤਾਂ ਸ੍ਰੀ ਦਸਮੇਸ਼ ਜੀ ਨੇ ਹੀ ਦਿਤਾ। ਤਾਂ ਤੇ ਵਿਸਾਖੇ ਦੇ ਦਿਹਾੜੇ ਦੀ ਬਜ਼ੁਰਗੀ ਅਤੇ ਮਹਤਤਾ ਇਸੇ ਗਲ ਕਰ ਕੇ ਹੈ ਕਿ ਇਸ ਦਿਨ ਖੰਡੇ ਦੇ ਅੰਮ੍ਰਿਤ ਦਾ ਖੁਲਾ ਬਾਟਾ ਤਿਆਰ



www.AKJ.Org

ਕੀਤਾ ਜਾਵੇ। ਪਰ ਇਹ ਗਲ ਬਿਲਕੁਲ ਗੁਰਮਤਿ ਤੋਂ ਹੀਣੀ ਹੈ ਕਿ ਆਮ ਅਨਮਤਿ ਸ਼ਰੇਣੀ ਦੀ ਮਜਲਸ ਵਿਖੇ ਹੀ ਇਹ ਬਾਟਾ ਤਿਆਰ ਕੀਤਾ ਜਾਵੇ। ਤਾਂ ਤੇ ਇਹ ਅੰਮ੍ਰਿਤ ਦਾ ਬਾਟਾ ਪ੍ਰੰਪਰਾ ਤੋਂ ਹੀ ਅਰਥਾਤ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਹੀ ਗੁਰਮਤਿ ਲੁਪਤ ਮੰਡਲਾਂ ਵਿਚ ਹੀ ਤਿਆਰ ਕੀਤਾ ਜਾਂਦਾ ਹੈ। ਅਨਮਤਿ ਦ੍ਰਿਸ਼ਟੀ ਦੀ ਲੇਪ ਛੇਪ ਤੋਂ ਨਿਆਰਾ ਅਤੇ ਅਛੇਪ ਰਖਣ ਲਈ ਹੀ ਅੰਮ੍ਰਿਤ ਮਰਆਦਾ ਗੋਝ ਰਤਨਾਗਰੀ ਰੱਖੀ ਗਈ ਹੈ। "ਬਧੇ ਪੰਥ ਪਰ ਧਰਮ ਨ ਹੋਇ" ਵਾਲੀ ਗੱਲ ਹੀ ਨਹੀਂ ਕੀਤੀ ਗਈ, ਨਾ ਹੀ ਇਹ ਹਰੀ। ਅੰਗੂਰੀ ਕੇਵਲ ਹਿੰਦਵੇਣ ਨਮਿਤ ਰਹੀ ਸ੍ਰੀ ਦਸਮੇਸ਼ ਜੀ ਨੇ ਤਿਆਰ ਕੀਤੀ ਹੈ, ਇਹ ਖਿਆਲ ਕੇਵਲ ਢਿੱਲੜ ਹਿੰਦਵੈਣੀ ਮਤੀ ਕੁਬੁਧਿ ਮਤੀਸਰਾਂ ਦਾ ਹੀ ਹੈ। ਖਾਲਸਾ ਪੰਥ ਵਿਚ ਇਤਰ ਜ਼ਾਤ ਪਾਤ ਸਮਗਰ ਪੁਰਸ਼ ਹੀ ਸ਼ਾਮਲ ਹੋ ਸਕਦੇ ਹਨ। ਸ੍ਰੀ ਦਸਮੇਸ਼ ਜੀ ਦੀ ਹਰ ਪ੍ਰਕਾਰ ਦੀ ਪ੍ਰਚਲਿਤ ਕੀਤੀ ਗੁਰਮਰਆਦਾ ਹੀ ਲੇਖੇ ਪੈਂਦੀ ਹੈ। ਇਹ ਗੱਲ ਬਿਲਕੁਲ ਬੇ-ਬੁਨਿਆਦ ਹੈ ਕਿ ਸ੍ਰੀ ਦਸਮੇਸ਼ ਜੀ ਦੇ ਸਮੇਂ ਦਾ ਅੰਮ੍ਰਿਤ ਤਿਆਰ ਕਰਵਾਉਣ ਵਾਲਾ ਖੰਡਾ ਹੀ ਸਾਰੀਆਂ ਸਿਧਾਂ ਨੂੰ ਪੂਰਿਆਂ ਕਰ ਸਕਦਾ ਹੈ। ਇਹ ਸ੍ਰੀ ਦਸਮੇਸ਼ ਜੀ ਦੇ ਪਵਿਤਰ ਹਥਾਂ ਦਾ ਖੰਡਾ ਅਪਵਿਤਰ ਹੱਥਾਂ ਵਿਚ ਆਕੇ ਹੋਰ ਵੀ ਹੀਣਤਾ ਵਾਲੀ ਗਲ ਹੋ ਜਾਂਦੀ ਹੈ ਜੈਸਾ ਕਿ ਅਨੇਕਾਂ ਅਸਥਾਨਾਂ ਤੇ ਹੋਈ ਹੈ। ਬੇਸ਼ਕ ਭਾਵੇਂ ਲੱਖਾਂ ਨਰਾਂ ਪ੍ਰਾਣੀਆਂ ਨੂੰ ਕੇਵਲ ਇਸ ਖੰਡੇ ਦੁਆਰਾ ਅੰਮ੍ਰਿਤ ਛਕਾਇਆ ਜਾਵੇ, ਪਰੰਤੂ ਜਦ ਤਕ ਸ੍ਰੀ ਦਸਮੇਸ਼ ਜੀ ਦੀ ਦਰਸਾਈ ਅਤੇ ਦ੍ਰਿੜ੍ਹਾਈ ਰਹਿਤ ਬਹਿਤ ਧਾਰਨ ਨਾ ਕਰਵਾਈ ਜਾਵੇ ਉਸ ਵਕਤ ਤਕ ਲਖਾਂ ਦੀਆਂ ਲਖਾਂ ਭੇਡਾਂ ਹੀ ਰਹਿ ਜਾਂਦੀਆਂ ਹਨ, ਜੈਸੇ ਕਿ ਲੰਗੋਟੀਆਂ ਵਾਲੇ ਮਾਹਣੂੰ ਹੀ ਰਹਿ ਗਏ ਹੋਏ ਹਨ। ਤਾਂ ਤੇ ਸ੍ਰੀ ਦਸਮੇਸ਼ ਜੀ ਦਾ ਕੇਵਲ ਵਿਸਾਖੇ ਦੇ ਸਮਾਗਮ ਸਮੇਂ ਖੰਡੇ ਧਾਰ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਇਸ ਗਲ ਦੀ ਪ੍ਰਸਿਧੀ ਦਲੀਲ ਸਾਬਤ ਹੋ ਗਈ ਕਿ ਖਾਲਸਾ ਸੋ ਹੈ ਜੋ ਸਰਬਤ੦ ਗੁਰਮਤਿ ਗੁਣਾਂ ਸਹਿਤ ਪ੍ਰਬੀਨ ਹੋਵੇ।


## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ੍ਰੋਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ।




www.AKJ.Org

# ਸ੍ਰੀ ਅਕਾਲ ਪੁਰਖ ਕਾ ਖਾਲਸਾ

—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰੂ ਦਸਮ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਖਾਲਸਾ ਪ੍ਰਗਟ ਕੀਤਾ। ਜਿਸ ਦੇ ਪਰਗਟ ਕਰਨ ਦਾ ਹੁਕਮ ਅਕਾਲ ਪੁਰਖ ਵਲੋਂ ਹੋਇਆ। ਏਹ ਖਾਲਸਾ ਅਕਾਲ ਪੁਰਖ ਦੀ ਮਉਜ ਤੋਂ ਪ੍ਰਗਟ ਹੋਇਆ ਅਤੇ ਅਤੇ ਅਕਾਲ ਪੁਰਖ ਦੀ ਅਕਾਲੀ ਫੌਜ ਕਹਾਇਆ। ਤਦੇ ਗੁਰੂ ਦਸਮ ਪਾਤਸ਼ਾਹ ਦਾ ਵਾਕ ਹੈ :—

ਖਾਲਸਾ ਅਕਾਲ ਪੁਰਖ ਕੀ ਫਉਜ।
ਪ੍ਰਗਟਿਓ ਖਾਲਸਾ ਕਾਲਹਿ ਮਉਜ।

ਐਸੇ ਅਕਾਲ ਪੁਰਖ ਦੇ ਖਾਲਸੇ ਦਾ ਲਛਣ ਗੁਰੂ ਗਰੰਥ ਸਾਹਿਬ ਜੀ ਵਿਚ ਇਉਂ ਕੀਤਾ ਹੈ :—

"ਕਹਿ ਕਬੀਰ ਜਨ ਭਏ ਖਾਲਸੇ
ਪ੍ਰੇਮ ਭਗਤਿ ਜਿਹ ਜਾਨੀ"

ਇਸ ਭਾਵ ਨੂੰ ਗੁਰੂ ਦਸਮ ਪਾਤਸ਼ਾਹ ਜੀ ਨੇ ੩੩ ਸਵੱਯਾਂ ਵਿਚ ਇਉਂ ਦਸਿਆ ਹੈ :-

"ਪੂਰਨ ਜੋਤਿ ਜਗੈ ਘਟ ਮੈਂ ਤਬ ਖਾਲਸਾ ਤਾਹਿ ਨਿਖਾਲਸ ਜਾਨੈ॥" 'ਪ੍ਰੇਮ ਭਗਤਿ ਜਿਹ ਜਾਨੀ' ਵਾਲੀ ਬਿਵਸਥਾ ਵਾਲਾ 'ਪੂਰਨ ਜੋਤਿ ਜਗੈ ਘਟ ਮੈ' ਦੇ ਜਗਮਗੀ ਰੰਗਾਂ ਵਾਲਾ ਹੀ ਖਾਲਸਾ ਹੈ। ਅੰਮ੍ਰਿਤ ਛਕਣ ਸਮੇਂ ਦੇ ਦ੍ਰਿੜਾਏ ਹੁਕਮਾਂ ਸਬੰਧਾਂ ਰਹਿਤ ਰਹਿਣੀਆਂ ਦੇ ਕਮਾਵਣਹਾਰਾ ਹੀ ਹੈ। ਇਸ ਬਿਬੇਕ ਕਮਾਈ ਨੂੰ ਪ੍ਰੇਮ ਨੇਮ ਸੰਯੁਕਤ ਨਿਬਾਹ ਕੇ ਨਾਮ ਰੂਪੀ ਸਾਰ ਬਿਬੇਕ ਕਮਾਈ ਨੂੰ ਪਰੇਮ ਭਗਤੀ ਦੇ ਰੰਗਾਂ ਵਿਚ ਸਿਰ ਚੜ੍ਹਾਉਣ ਵਾਲਾ ਹੀ ਖਾਲਸਾ ਹੈ ਅਤੇ ਪੂਰਨ ਗਿਆਨ ਕਲਾ ਵਿਚ ਖੇਡਣਹਾਰੇ ਖਾਲਸਾ ਜਨ ਹੀ ਖਾਲਸਾ ਬਿਬੇਕ ਕਮਾਈ ਦੇ ਧਨੀ ਹਨ। ਪੂਰਨ ਗਿਆਨ ਅਵਸਥਾ ਵਿਚ ਵੀ ਨਾਮ ਬਿਬੇਕ ਦੀ ਸਹਿਜ ਕਮਾਈ ਬਣੀ ਰਹਿੰਦੀ ਹੈ। ਯਥਾ ਗੁਰਵਾਕ :—

ਗਿਆਨੀਆ ਕਾ ਧਨ ਨਾਮ ਹੈ
ਸਹਿਜ ਕਰਹਿ ਵਾਪਾਰ ॥

ਤਥਾ :—

ਅਕਲ ਕਥਾ ਅੰਮ੍ਰਿਤ ਪ੍ਰਭ ਬਾਨੀ॥
ਕਹੁ ਨਾਨਕ ਜਪਿ ਜੀਵੈ ਗਿਆਨੀ।

ਨਾਮ ਬਿਬੇਕ ਕਮਾਈ ਦਾ ਬਿਨਾਸ ਕਿਸੇ ਹਾਲਤ ਅੰਦਰ ਵੀ ਨਹੀਂ ਹੁੰਦਾ। ਇਸ ਰਹਿਤ ਰਹਿਣੀ ਸੰਯੁਕਤ ਨਾਮ ਸਾਰ ਬਿਬੇਕ ਕਰਨੀ ਕਮਲ ਜਮਾਲ ਕਾ ਕਮਾਲ ਕੇਵਲ ਗੁਰੂ ਘਰ ਵਿਚ ਹੀ ਹੈ। ਬ੍ਰਹਮਾ ਦਾ ਅਵਤਾਰ ਭਿੱਖਾ ਭਟ ਜਦੋਂ ਸਚੇ ਗੁਰੂ ਸੰਤ ਦੀ ਟੋਲ ਵਿਚ ਫਿਰਦਾ ਹੋਇਆ ਗੁਰੂ ਕੀ ਸ਼ਰਣ ਆਇਆ ਤਦ ਉਸ ਨੂੰ ਪ੍ਰਤੀਤ ਆਈ। ਜੈਸਾ ਕਿ ਉਸ ਦੀ ਆਪਣੀ ਗੁਰੂ ਗਿਆਨ ਅਨਭਵੀ ਬਾਣੀ ਸਾਖਾ ਭਰਦੀ ਹੈ। ਯੰਥਾ :—

'ਰਹਿਓ ਸੰਤ ਹਉ ਟੋਲ ਸਾਧ ਬਹੁਤੇਰੇ
ਡਿਠੇ। ਸੰਨਿਆਸੀ ਤਪਸੀਅਹੁ ਮੁਖਹੁ ਏ
ਪੰਡਤ ਮਿਠੇ॥ ਬਰਸ ਏਕੁ ਹਉ ਫਿਰਿਓ
ਕਿਨੇ ਨਹ ਪਰਚਉ ਲਾਯਹੁ॥ ਕਹਿਅਹੁ
ਕਹਤੀ ਸੁਣੀ ਰਹਿਤ ਕੋ ਖੁਸ਼ੀ ਨ ਆਯਹੁ॥



www.AKJ.Org

ਹਰਿ ਨਾਮ ਛੋਡਿ ਦੂਜੇ ਲਗੇ ਤਿਨ ਕੇ ਗੁਣ
ਹਉ ਕਿਆ ਕਹਉ ॥ ਗੁਰ ਦਯਿ ਮਿਲਾਯਉ
ਭਿਖਿਆ ਜਿਵ ਤੂੰ ਰਖਹਿ ਤਿਵ ਰਹਉ ॥

ਏਸੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਮੁਖ ਰਖਦੇ ਹੋਏ 'ਗੁਰਸਿਖ ਮੀਤ ਚਲਹੁ ਗੁਰ ਚਾਲੀ।' ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕ ਖਾਲਸਾ ਸ੍ਰੀ ਗੁਰਸਾਈ ਤੇ ਦ੍ਰਿੜਾਈ ਰਹਿਤ ਨੂੰ ਤਨੋਂ ਮਨੋਂ ਕਮਾਉਂਦੇ ਹਨ। ਐਸੇ ਗੁਰਸਿਖਾਂ ਪ੍ਰਥਾਇ ਹੀ ਗੁਰੂ ਦਸਮ ਪਾਤਸ਼ਾਹ ਦਾ ਏਹ ਫੁਰਮਾਨ ਹੈ :-

ਰਹਿਣੀ ਰਹੈ ਸੋਈ ਸਿਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥

ਧੰਨ ਗੁਰੂ ਸਾਹਿਬ ! ਆਪਣੇ ਆਗਿਆਕਾਰੀ ਰਹਿਤਵਾਨ ਸਿਖਾਂ ਨੂੰ ਕਿੱਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ ਤੇ ਇਸ ਰਹਿਤ ਨਾਲ ਸੀਗਾਰੇ ਸਿਖ ਨੂੰ ਹੈ। ਸੋ ਗੁਰੂ ਹੁਕਮਾਈ ਰਹਿਤ ਪਰ ਚਲਣਾ ਹਰੇਕ ਸਿੰਘ ਸੁਚਿਆਰ ਸਿੰਘ ਦਾ ਧਰਮ ਭਾਵ ਫਰਜ਼ ਹੈ। ਚਾਹੇ ਕਿਤਨੀ ਭੀ ਕਠਨਾਈ ਪੇਸ਼ ਆਵੇ। ਗੁਰੂ ਹੁਕਮਾਂ ਪਰ ਚਲਣਾ ਤੇ ਗੁਰ ਬਚਨਾਂ ਨੂੰ ਕਮਾਵਣਾ ਸਚਾ ਗੁਰਮਤਿ ਬਿਬੇਕ ਹੈ। ਰਹਿਤ ਰਹਿਣੀਓਂ ਊਰਾ ਗਿਆਨ ਬਿਬੇਕ ਗੁਰਮਤਿ ਅੰਦਰ ਪ੍ਰਵਾਣ ਨਹੀਂ। ਨਿਰਾ ਕਥਨੀ ਦੁਆਰਾ ਗਿਆਨ ਤੇ ਰਹਿਤ ਨਾ ਰਖਣਾ ਏਹ ਮਨਮੁਖਤਾਈ ਦੇ ਲਛਣ ਕੁਲਛਣ ਹਨ।

ਗਿਆਨ ਧਿਆਨ ਸਭਿ ਗੁਰ ਤੇ ਹੋਈ।
ਸਾਚਾ ਰਹਿਤ ਸਾਚਾ ਮਨ ਸੋਈ।
ਮਨਮੁਖਿ ਕਥਨੀ ਹੈ ਪਰ ਰਹਿਤ ਨ ਹੋਈ।

ਰਹਿਤ ਰਹਿਣੀ ਦੇ ਕਿਸੇ ਅੰਗ ਨੂੰ ਭੰਗ ਕਰਨਾ ਸਿੱਖੀ ਸਿਦਕ ਦੇ ਰੰਗ ਨੂੰ ਭੰਗ ਕਰਨਾ ਹੈ। ਇਸ ਸਬੰਧ ਵਿਚ ਵਧੇਰੇ ਤੋ 'ਅੰਮ੍ਰਿਤ ਕਲਾ' ਨਾਮੇ ਟਰੈਕਟ ਵਿਚ।

---


## ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ। ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਗੁਰਸਿਖ

(ਪ੍ਰੋ: ਹਰਬੰਸ ਸਿੰਘ ਜੀ)

ਸਿੱਖ ਧਰਮ ਅੰਦਰ ਗੁਰੂ ਦੀ ਸਿਖਿਆ ਅਨੁਸਾਰ ਚਲਣ ਵਾਲਾ ਪ੍ਰਾਣੀ ਗੁਰਸਿਖ ਅਖਵਾਉਂਦਾ ਹੈ, ਉਹ ਇਨਸਾਨ ਜਿਹੜਾ ਕਿ ਅਕਾਲ ਪੁਰਖ ਤੇ ਨਿਸਚਾ ਰਖਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਗੁਰੂ ਸਾਹਿਬਾਨ ਦੇ ਦਰ-ਸਾਏ ਰਸਤੇ ਤੇ ਚਲਦਾ ਹੈ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਨੂੰ ਸਤਿ ਅਤੇ ਦਸੋਂ ਪਾਤਸ਼ਾਹੀਆਂ ਦੀ ਜਾਗਤ ਜੋਤ ਕਰਕੇ ਮੰਨਦਾ ਹੈ ਅਰ ਖੰਡੇ ਦੀ ਪਾਹੁਲ ਛਕ ਕੇ ਗੁਰੂ ਦੇ ਲੜ ਲਗਦਾ ਹੈ, ਗੁਰੂ ਕਾ ਸਿਖ ਅਥਵਾ ਗੁਰ-ਸਿਖ ਕਹਿਲਾਉਂਦਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵਲੋਂ ਪ੍ਰਕਾਸ਼ਤ ਕੀਤੀ ਗਈ 'ਸਿਖ ਰਹਿਤ ਮਰਯਾਦਾ' ਵਿਚ ਗੁਰੂ ਕੇ ਸਿਖ ਦੀ ਤਾਰੀਫ ਇਉਂ ਕੀਤੀ ਗਈ ਹੈ :—

'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

ਸੋ ਸਿਖ ਸਖਾ ਬੰਧਪ ਹੈ ਭਾਈ
ਜੋ ਗੁਰ ਕੇ ਭਾਣੇ ਵਿਚ ਆਵੈ ॥
ਆਪਣੈ ਭਾਣੈ ਚਲੈ ਭਾਈ
ਵਿਛੁੜ ਚੋਟਾ ਖਾਵੈ ॥

ਉਪਰਲੇ ਗੁਰਵਾਕ ਅਨੁਸਾਰ

'ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੈ।" ਸਿਖ ਉਹ ਹੈ ਜੋ ਗੁਰ ਕੇ ਭਾਣੇ ਵਿਚ ਆਵੈ। ਜੋ ਸਤਿਗੁਰੂ ਦਾ ਹੁਕਮੀ ਬੰਦਾ ਬਣ ਕੇ ਸਿਖ ਮਤ ਨੂੰ ਧਾਰਨ ਕਰਕੇ 'ਹੁਕਮਿ ਰਜਾਈ' ਚਲੇ। ਜੋ ਗੁਰੂ ਦੇ ਭਾਣੇ ਨੂੰ ਛਡਕੇ ਆਪਣੇ ਭਾਣੇ (ਆਪਣੀ ਮਨ ਮਰਜ਼ੀ) ਅਨੁਸਾਰ ਚਲਦਾ ਹੈ ਉਹ ਸਤਿਗੁਰੂ ਤੋਂ ਵਿਛੁੜਿਆ ਹੋਇਆ ਹੈ ਅਤੇ ਕਦੇ ਵੀ ਗੁਰਸਿਖ ਨਹੀਂ ਅਖਵਾ ਸਕਦਾ। ਆਪਣੇ ਮਨ ਦੀ ਮਤ ਅਨੁਸਾਰ ਚਲਣ ਵਾਲਾ ਤੇ ਮਨਮੁਖ ਹੈ ਜੋ ਸਤਿਗੁਰੂ ਤੋਂ ਵਿਛੜ ਕੇ ਦਰ ਦਰ ਦੀਆਂ ਚੋਟਾਂ (ਠੇਡੇ) ਖਾ ਰਿਹਾ ਹੈ।

ਗੁਰੂ ਕਾ ਸਿਖ ਅਖਵਾਉਣ ਲਈ ਮਨੁਖ ਨੂੰ ਗੁਰੂ ਦੇ ਘਰੋਂ ਪਾਹੁਲ ਲੈਣੀ ਪੈਂਦੀ ਹੈ ਅਥਵਾ ਅੰਮ੍ਰਿਤ ਛਕਣਾ ਪੈਂਦਾ ਹੈ। ਅੰਮ੍ਰਿਤ ਛਕੇ ਬਿਨਾ ਕੋਈ ਭੀ ਆਪਣੇ ਆਪ ਨੂੰ ਗੁਰੂ ਵਾਲਾ ਨਹੀਂ ਅਖਵਾ ਸਕਦਾ। ਜਿਵੇਂ ਇਕ ਇਸਤਰੀ ਨੂੰ ਕਿਸੇ ਮਰਦ ਦੀ ਨਾਰ ਅਖਵਾਉਣ ਲਈ ਵਿਆਹ ਦੀ ਰਸਮ ਪੂਰੀ ਕਰਨੀ ਪੈਂਦੀ ਹੈ ਉਸੇ ਹੀ ਤਰ੍ਹਾਂ ਇਕ ਮਨੁੱਖ ਨੂੰ ਗੁਰੂ ਵਾਲਾ (ਗੁਰ-ਸਿਖ) ਬਣਨ ਲਈ ਅੰਮ੍ਰਿਤ ਛਕਣਾ ਪੈਂਦਾ ਹੈ। ਅੰਮ੍ਰਿਤ ਛਕਣਾ ਫ਼ੌਜ ਵਿਚ ਭਰਤੀ ਹੋਣ ਵਾਂਗ ਹੈ। ਜਦੋਂ ਕੋਈ ਬੰਦਾ ਫੌਜ ਵਿਚ ਭਰਤੀ ਹੋ ਜਾਂਦਾ ਹੈ ਤਾਂ ਉਸ ਨੂੰ ਉਸ ਫੌਜ ਦਾ ਪਹਿਰਾਵਾ ਧਾਰਨ ਕਰਨਾ ਪੈਂਦਾ ਹੈ ਅਤੇ



www.AKJ.Org

ਆਪਣੇ ਕਮਾਂਡਰ ਦਾ ਹੁਕਮ ਸਿਰ ਮਥੇ ਤੇ ਮੰਨਣਾ ਪੈਂਦਾ ਹੈ, ਉਸੇ ਹੀ ਤਰ੍ਹਾਂ ਮਨੁੱਖ ਨੂੰ ਗੁਰੂ ਕੀ ਫੌਜ ਦਾ ਸਿਪਾਹੀ ਬਣਨ ਲਈ ਗੁਰੂ ਵਲੋਂ ਨਿਯੁਕਤ ਵਰਦੀ ਧਾਰਨ ਕਰਨੀ ਪੈਂਦੀ ਹੈ ਅਤੇ ਉਸ ਦੇ ਹੁਕਮਾਂ ਦੀ ਪਾਲਣਾ ਕਰਨੀ ਪੈਂਦੀ ਹੈ।

ਆਪਣੇ ਸਿਖ ਲਈ ਗੁਰੂ ਦਾ ਪਹਿਲਾ ਫੁਰਮਾਨ 'ਸਾਬਤ ਸੂਰਤ ਦਸਤਾਰ ਸਿਰਾ' ਅਥਵਾ ਸਾਬਤ ਸੂਰਤ ਅਤੇ ਸਿਰ ਤੇ ਦਸਤਾਰ ਦੇ ਹੋਣ ਦਾ ਹੈ। ਸਾਬਤ ਸੂਰਤ ਅਤੇ ਸਿਰ ਦਸਤਾਰ (ਪਗੜੀ) ਹੋਣ ਕਰਕੇ ਹੀ ਗੁਰੂ ਕਾ ਸਿਖ ਇਕ ਇਕਲਾ ਲਖਾਂ ਵਿਚ ਖਲੋਤਾ ਦੂਰੋਂ ਹੀ ਨਜ਼ਰ ਆ ਜਾਂਦਾ ਹੈ।

ਗੁਰੂ ਕਾ ਸਿਖ ਆਪਣੀ ਕੁਦਰਤੀ ਸ਼ਕਲ ਨੂੰ ਵਿਗਾੜਦਾ ਨਹੀਂ। ਫੈਸ਼ਨ ਜਾਂ ਮਨ ਦੀ ਮਤ ਦੇ ਮਗਰ ਲਗਕੇ ਆਪਣੇ ਸਰੀਰ ਦੇ ਕਿਸੇ ਭੀ ਅੰਗ ਨੂੰ ਕਟਦਾ ਅਥਵਾ ਵਿਗਾੜਦਾ ਨਹੀਂ। ਉਹ ਮੁਸਲਮਾਨਾਂ ਵਾਂਗ ਸੁੰਨਤ ਨਹੀਂ ਕਰਵਾਉਂਦਾ। ਉਹ ਅਨਮਤੀਆਂ ਵਾਂਗ ਸਰੀਰ ਦੇ ਰੋਮ (ਵਾਲ) ਨਹੀਂ ਕਟਦਾ। ਸਿਰ ਦੇ ਵਾਲਾਂ ਦੀ ਸੰਭਾਲ ਲਈ ਗੁਰੂ ਹੁਕਮਾਂ ਅਨੁਸਾਰ ਦਸਤਾਰ ਸਜਾ ਕੇ ਰਖਦਾ ਹੈ। ਕੇਸਾਂ ਨੂੰ ਸਰੀਰ ਦਾ ਉਨਾ ਹੀ ਜ਼ਰੂਰੀ ਅੰਗ ਸਮਝਕੇ ਸੰਭਾਲ ਕਰਦਾ ਹੈ ਜਿਵੇਂ ਕਿ ਸਰੀਰ ਦੇ ਹੋਰ ਅੰਗ। ਕੇਸਾਂ ਨੂੰ ਜੀਵ ਰੂਪੀ ਰਸੀਵਰ (Reciver) ਅਥਵਾ ਰੇਡੀਓ ਦਾ ਏਰੀਅਲ (Aerial) ਸਮਝਕੇ ਸਾਫ ਸੁਥਰੇ ਰਖਦਾ ਹੈ ਤਾਂ ਜੋ ਸਚ-ਖੰਡੀ ਬਰਾਡ-ਕਾਸਟਿੰਗ ਸਟੇਸ਼ਨ (Broodcasting Station) ਦਾ ਪਰੋਗਰਾਮ ਸਾਫ ਆਵਾਜ਼ ਵਿਚ ਸੁਣ ਸਕੇ। ਗੁਰੂ ਕੇ ਸਿਖ ਨੂੰ ਕੇਸ ਜਾਨ ਤੋਂ ਭੀ ਵਧ ਪਿਆਰੇ ਹਨ। ਗੁਰੂ ਕੇ ਸਿਖਾਂ ਨੇ ਬੰਦ ਬਦ ਤਾਂ ਕਟਵਾ ਦਿਤੇ, ਖੋਪ-ਰੀਆਂ ਤਾਂ ਲੁਹਾ ਲਈਆਂ, ਚਰਖੜੀਆਂ ਤੇ ਤਾਂ ਚੜ੍ਹਨਾ ਮੰਨ ਲਿਆ, ਆਰਿਆਂ ਨਾਲ ਤਾਂ ਦੁਫਾੜ ਹੋ ਗਏ, ਦੇਗਾਂ ਵਿਚ ਤਾਂ ਉਬਾਲੇ ਗਏ, ਸਿੰਘਣੀਆਂ ਨੇ ਆਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾਕੇ ਆਪਣੇ ਗਲਾਂ ਵਿਚ ਤਾਂ ਪਵਾ ਲਏ, ਪਰ ਕੇਸਾਂ ਦੀ ਬੇਅਦਬੀ ਨਾਂ ਕਬੂਲੀ, ਧਰਮ ਤੋਂ ਨਾਂ ਡੋਲੇ, ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਬਾਹਿਆ।

ਗੁਰੂ ਕਾ ਸਿਖ ਗੁਰੂ ਵਲੋਂ ਦਰਸਾਈ ਗਈ 'ਰਹਿਣੀ (ਰਹਿਤ) ਵਿਚ ਰਹਿਣ ਲਈ ਰਹਿਤਾਂ ਧਾਰਨ ਕਰਦਾ ਹੈ ਅਤੇ 'ਕੁਰਹਿਤਾਂ' ਤੋਂ ਬਚੇ ਰਹਿਣ ਲਈ ਗੁਰੂ ਅਗੇ ਪ੍ਰਣ ਲੈਂਦਾ ਹੈ। ਪੰਜ ਕਕਾਰੀ ਰਹਿਤਾਂ ਨੂੰ ਅੰਗ ਸੰਗ ਰਖਦਾ ਹੈ —

'ਕਛਹਿਰਾ' ਜਤ ਦਾ ਧਾਰਨੀ ਹੋਵਣ ਲਈ, 'ਕੜਾ' ਹਥ ਨੂੰ ਬੁਰੇ ਕਮੋਂ ਰੋਕਣ ਦੀ ਚੇਤਾਵਨੀ ਲਈ, 'ਕਿਰਪਾਨ' ਸਵੈ ਰਖਿਆ ਅਤੇ ਜ਼ੁਲਮ ਦਾ ਨਾਸ਼ ਕਰਨ ਲਈ, 'ਕੰਘਾ' ਕੇਸਾਂ ਦੀ ਸਫਾਈ ਵਾਸਤੇ ਅਤੇ 'ਕੇਸਕੀ' (ਛੋਟੀ ਦਸਤਾਰ) ਹਰ ਸਮੇਂ ਸਿਰ ਦੇ ਵਾਲਾਂ ਨੂੰ ਢਕੇ ਰਖਣ ਵਾਸਤੇ ਤਾਂ ਜੋ ਦਸਮ ਦੁਆਰ (ਸਿਰ) ਦੀ ਪਵਿਤਰਤਾ ਭੰਗ ਨਾ ਹੋਵੇ।

ਕਛ,[1] ਕੜਾ,[2] ਕਿਰਪਾਨ,[3] ਕੰਘਾ,[4] ਕੇਸਕੀ,[5]
ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।
(ਰਹਿਤਨਾਮਾ ਭਾਈ ਚੌਪਾ ਸਿੰਘ ਜੀ)

ਗੁਰੂ ਕਾ ਸਿਖ ਗੁਰੂ ਹੁਕਮਾਂ ਅਨੁਸਾਰ ਹੇਠ ਲਿਖੀਆਂ ਚਾਰ ਬੱਜਰ (ਬਹੁਤ ਵਡੀਆਂ) ਕੁਰਹਿਤਾਂ ਤੋਂ ਆਪਣੇ ਆਪ ਨੂੰ ਬਚਾ ਕੇ ਰਖਦਾ ਹੈ :–

(i) ਰੋਮ (ਵਾਲ) ਕਟਣੇ
(ii) ਕੁੱਠਾ (ਮਾਸ) ਖਾਣਾ।
(iii) ਪਰ-ਇਸਤ੍ਰੀ ਜਾਂ ਪਰ-ਪੁਰਸ਼ ਨਾਲ ਭੋਗ।
(iv) ਤੰਬਾਕੂ ਦੀ ਵਰਤੋਂ

ਗੁਰ ਕਾ ਸਿੱਖ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਦਾ ਹੈ। ਸਰੀਰ ਨੂੰ ਪਾਣੀ ਨਾਲ ਇਸ਼ਨਾਨ ਕਰਵਾ-



www.AKJ.Org

ਉਂਦਾ ਹੈ ਤਾਂ ਜੋ ਸੁਸਤੀ ਅਤੇ ਤਨ ਦੀ ਮੈਲ ਲਥ ਜਾਏ ਪਰ ਮਤ ਦੀ ਮੈਲ ਨੂੰ ਦੂਰ ਕਰਨ ਵਾਸਤੇ ਅਤੇ ਬੁੱਧੀ ਨੂੰ ਉਜਲ ਕਰਨ ਲਈ ਗੁਰ-ਮੰਤਰ ਦਾ ਰਟਣ ਕਰਦਾ ਹੈ ਅਤੇ ਗੁਰਬਾਣੀ ਦਾ ਪਾਠ ਕਰਦਾ ਹੈ। ਗੁਰੂ ਦੀ ਸਿਖਿਆ ਨੂੰ ਗਰਿਹਣ ਕਰਣ ਲਈ ਉਹ ਸਾਧ ਸੰਗਤਿ ਵਿਚ ਜਾਂਦਾ ਹੈ, ਗੁਰੂ ਦੀ ਬਾਣੀ ਸੁਣਦਾ ਹੈ, ਕੀਰਤਨ ਕਰਦਾ ਜਾਂ ਸੁਣਦਾ ਹੈ, ਸੁਰਤੀ ਨੂੰ 'ਸ਼ਬਦ' ਨਾਲ ਜੋੜਦਾ ਹੈ ਅਤੇ ਯਥਾ ਸ਼ਕਤ ਕੋਈ ਸੇਵਾ ਕਰਦਾ ਹੈ ਜਿਵੇਂ ਕਿ ਪਾਠ ਕਰਨਾ, ਕਥਾ ਕੀਰਤਨ ਕਰਨਾ, ਪਖਾ ਝਲਣਾ, ਝਾੜੂ ਦੇਣਾ ਜੋੜਿਆ ਅਤੇ ਘੋੜਿਆ ਦੀ ਸੰਭਾਲ ਕਰਨੀ ਅਤੇ ਲਗਰ ਤਿਆਰ ਕਰਨਾ ਅਤੇ ਵਰਤਾਉਣਾ ਲੰਗਰ ਲਈ ਲੱਕੜਾਂ ਪਾੜਨੀਆਂ, ਭਾਂਡੇ ਮਾਂਜਣੇ, ਦਰੀਆਂ ਸਾਫ ਕਰਨੀਆਂ ਅਤੇ ਵਿਛਾਉਣੀਆਂ, ਗੁਰੂ ਦੇ ਗੁਆਰੇ ਦੀ ਸਫਾਈ ਆਦਿ।

'ਗੁਣਸਿਖ ਭਲਕੇ ਉਠ ਕਰਿ,
ਅੰਮ੍ਰਿਤ ਵੇਲੇ ਸਰੁ ਨਾਵੰਦਾ।
ਗੁਰ ਕੇ ਬਚਨ ਉਚਾਰਿ ਕੈ,
ਧ੍ਰਮ ਸਾਲ ਦੀ ਸੁਰਤਿ ਕਰੰਦਾ।
ਸਾਧ ਸੰਗਤਿ ਵਿਚਿ ਜਾਇ ਕੈ,
ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ ਮਨਹੁ ਮਿਟਾਇ ਕੈ,
ਗੁਰਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰ ਧਰਮੁ ਦੀ,
ਲੈ ਪਰਸਾਦ ਆਣਿ ਵਰਤੰਦਾ।
ਗੁਰਸਿਖਾਂ ਨੋ ਦੇਇ ਕਰਿ,
ਪਿੱਛੋਂ ਬਚਿਆ ਆਪ ਖਵੰਦਾ।
ਕਲੀਕਾਲ ਪਰਗਾਸ ਕਰਿ,
ਗੁਰ ਚੇਲਾ ਚੇਲਾ ਗੁਰ ਸੰਦਾ,
ਗੁਰਮੁਖ ਗਾਡੀ ਰਾਹੁ ਚਲੰਦਾ।"

(ਭਾਈ ਗੁਰਦਾਸ, ਵਾਰ ੪੦, ੧੧)

ਗੁਰੂ ਕਾ ਸਿੱਖ ਨਿੱਤ ਦੇ ਨੇਮ ਅਨੁਸਾਰ ਇਨ੍ਹਾਂ ਬਾਣੀਆਂ ਦਾ ਹਰ ਰੋਜ਼ ਪਾਠ ਕਰਦਾ ਹੈ:-

(ੳ) ਅੰਮ੍ਰਿਤ ਵੇਲੇ—ਜਪੁ, ਜਾਪ, ਸਵਯੇ ਚੌਪਈ ਅਤੇ ਅਨੰਦ ਸਾਹਿਬ।

(ਅ) ਸੰਧਿਆ ਅਥਵਾ ਸੂਰਜ ਡੁਬਣ ਵੇਲੇ— ਸੋਦਰ ਰਹਿਰਾਸ।

(ੲ) ਰਾਤ ਨੂੰ ਸੌਣ ਵੇਲੇ—ਸੋਹਲਾ।

ਅੰਮ੍ਰਿਤ ਵੇਲੇ ਅਤੇ ਸੋਦਰ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਦਾ ਹੈ। ਹਰ ਨਵੇਂ ਕੰਮ ਸਮੇਂ ਅਤੇ ਹਰ ਖਾਸ ਮੌਕੇ, ਖੁਸ਼ੀ ਤੇ ਗਮੀ ਹਰ ਸਮੇਂ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਅਰਦਾਸ ਕਰਦਾ ਹੈ, 'ਅਰਦਾਸ' ਉਸ ਦੀ ਗੁਰੂ ਪਾਸ ਅਰਜ਼ (ਬੇਨਤੀ) ਹੁੰਦੀ ਹੈ ਜਿਸ ਦੁਵਾਰਾ ਉਹ ਆਪਣੇ ਮਨ ਦੀ ਬਿਰਥਾ ਗੁਰੂ ਅਗੇ ਪਰਗਟ ਕਟਦਾ ਹੈ ਅਤੇ 'ਚੜ੍ਹਦੀ ਕਲਾ' ਅਤੇ ਗੁਰੂ ਦੀ ਬਖਸ਼ਸ਼ ਲਈ ਜਾਚਨਾ ਕਰਦਾ ਹੈ। ਉਸਦਾ ਧੁਰਾ ਕੇਵਲ "ਸਤਿਗੁਰੂ ਸੱਚਾ ਪਾਤਸ਼ਾਹ" ਹੈ। ਆਪਣੀ ਹਰ ਮੰਗ ਆਪਣੇ ਗੁਰੂ ਕੋਲੋਂ ਹੀ ਮੰਗਦਾ ਹੈ। ਉਹ ਐਰੇ ਗੈਰੇ ਮਗ਼ਰ ਲੇਲ੍ਹਕੜੀਆਂ ਨਹੀਂ ਕੱਢਦਾ ਫਿਰਦਾ, ਆਪਣੀ ਮੰਗ ਗੁਰੂ ਅੱਗੇ ਰੱਖਣ ਤੋਂ ਬਾਅਦ ਉਸ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ ਅਤੇ ਉਸ਼ ਦੇ ਭਾਣੇ ਵਿਚ ਹੀ ਖੁਸ਼ੀ ਮਨਾਉਂਦਾ ਹੈ। ਗੁਰਸਿਖ ਦਾ ਨਿਸ਼ਚਾ ਆਪਣੇ ਗੁਰੂ ਤੇ ਹੀ ਹੈ। ਉਸ਼ੇ ਦੀ ਹੀ ਚਾਕਰੀ ਵਿਚ ਉਹ ਤਤਪਰ ਰਹਿਦਾ ਹੈ ਅਤੇ ਉਸੇ ਤੇ ਹੀ ਭਰੋਸਾ ਰਖਦਾ ਹੈ।

ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਦਾ ਹੈ, ਵੰਡ ਕੇ ਛਕਦਾ ਹੈ ਅਤੇ ਪਰ-ਉਪਕਾਰ ਅਤੇ ਸੇਵਾ ਲਈ ਹਰ ਵੇਲੇ ਤਤਪਰ ਰਹਿੰਦਾ ਹੈ। ਮਨੁੱਖ-ਮਾਤਰ ਦੀ ਸੇਵਾ ਕਰ ਕੇ ਉਹ ਆਪਣੇ ਗੁਰੂ ਦੀ ਖੁਸੀ ਹਾਸਲ ਕਰਦਾ ਹੈ। ਉਹ ਸਾਰੇ ਮਨੁੱਖਾਂ ਨੂੰ ਇਕ ਸਮਾਨ



www.AKJ.Org

ਸਮਝਦਾ ਹੈ ਅਤੇ "ਸਰਬੱਤ ਦਾ ਭਲਾ" ਮੰਗਦਾ ਹੈ।

ਗੁਰੂ ਕਾ ਸਿੱਖ ਨਿਤ ਦਿਨ ਹਉਮੈਂ ਦੀ ਅੱਗ ਵਿਚ ਨਹੀਂ ਤਪਦਾ, ਸਗੋਂ ਆਪਣੇ ਹਿਰਦੇ ਨੂੰ "ਨਾਮ ਬਾਣੀ" ਦੇ ਆਧਾਰ ਨਾਲ ਠੰਢਾ ਰਖਦਾ ਹੈ। ਗੁਰੂ ਦੀ ਨਦਰਿ ਅਨੁਸਾਰ ਪੰਜਾਂ ਚੋਰਾਂ–ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਨਕੇਲ ਪਾ ਕੇ ਆਪਣੇ ਕਾਬੂ ਵਿਚ ਰਖਦਾ ਹੈ ਅਤੇ ਲੋੜ ਅਨੁਸਾਰ ਉਨ੍ਹਾਂ ਕੋਲੋਂ ਸੇਵਾ ਲੈਂਦਾ ਹੈ।

ਗੁਰੂ ਕਾ ਸਿੱਖ ਸ਼ਰਾਬੀ, ਕਬਾਬੀ, ਕਾਮੀ, ਕਪਟੀ, ਲੋਭੀ, ਹੰਕਾਰੀ, ਝੂਠਾ, ਚੁਗਲ, ਬੇਈਮਾਨ, ਵੱਢੀ-ਖੋਰ, ਮਖੱਟੂ, ਵੱਢ-ਖਾਣਾ (ਕੌੜ-ਬੋਲਾ), ਗਪੌੜੀ, ਵਹਿਮੀ ਭਰਮੀ, ਮਨਮੁਖ, ਜ਼ਾਲਮ ਅਤੇ ਧਰੋਹੀ ਨਹੀਂ, ਸਗੋਂ ਜਤੀ, ਸਤੀ, ਤਪੀ, ਸੀਲ, ਸੰਤੋਖੀ, ਸੱਚਾ ਸੁੱਚਾ ਸੰਜਮੀ, ਕਿਰਤੀ, ਗੁਰਮੁਖ, ਦਇਆਵਾਨ, ਮਿੱਠ-ਬੋਲੜਾ ਅਤੇ ਪਰ-ਉਪਕਾਰੀ ਜੀਉੜਾ ਹੈ।

"ਪਿੱਛਲ ਰਾਤੀ ਜਾਗਣਾ,
ਨਾਮੁ ਦਾਨੁ ਇਸ਼ਨਾਨੁ ਦਿੜਾਏ।
ਮਿੱਠਾ ਬੋਲਣ, ਨਿਵ ਚਲਣ,
ਹਥਹੁ ਦ ਕੇ ਭਲਾ ਮਨਾਏ।
ਥੋੜਾ ਸਵਣਾ ਖਾਵਣਾ,
ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਇ ਸੁਕ੍ਰਿਤੁ ਕਰੈ,
ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ,
ਰਾਤਿ ਦਿਹੈ ਨਿਤ ਚਲਿ ਚਲਿ ਜਾਏ।
ਸ਼ਬਦ ਸੁਰਤਿ ਪਰਚਾ ਕਰੈ,
ਸਤਿਗੁਰੂ ਪਰਚੈ ਮਨ ਪਰਚਾਏ।
ਆਸਾ ਵਿਚਿ ਨਿਰਾਸ ਵਲਾਏ।"

(ਭਾਈ ਗੁਰਦਾਸ, ਵਾਰ ੨੮, ਪਉੜੀ ੧੫)

ਗੁਰੂ ਕਾ ਸਿੱਖ ਜਾਦੂ ਟੂਣੇ, ਤੰਤਰ ਮੰਤਰ, ਮੜ੍ਹੀ ਮਸਾਣੀ, ਦੇਵੀ ਦੇਵਤੇ, ਵਰਤ, ਸਰਾਧ, ਸੂਤਕ ਪਾਤਕ, ਛੂਤ ਛਾਤ, ਵਹਿਮਾਂ ਭਰਮਾਂ ਆਦਿ ਤੇ ਨਿਸਚਾ ਨਹੀਂ ਰਖਦਾ।

ਗੁਰੂ ਕਾ ਸਿੱਖ ਆਪਣੇ ਗੁਰੂ ਦਾ "ਹੁਕਮੀ ਬੰਦਾ" ਹੋਣ ਕਰਕੇ ਸਤਿ ਦੇ ਮਾਰਗ ਦਾ ਪਾਂਧੀ ਹੈ। ਉਹ ਪ੍ਰਭੂ ਪ੍ਰਮਾਤਮਾ ਨਾਲ ਲਿਵ ਜੋੜਦਾ ਹੈ ਅਤੇ ਆਪਣੇ ਜੀਵਨ ਨੂੰ ਸਤਿ ਦੀ ਕੁਠਾਲੀ ਵਿਚ ਢਾਲ ਕੇ ਆਪਣੇ ਅੰਤਣ ਨੂੰ ਪਵਿੱਤਰ ਕਰਦਾ ਹੈ। ਉਹ ਆਪਣੇ ਪਿੰਡ (ਸਰੀਰ) ਵਿਚ ਸਤਿ ਦਾ ਦੀਵਾ ਬਾਲਦਾ ਹੈ, ਹਨੇਰਾ ਦੂਰ ਕਰਕੇ ਉੱਜਲ ਰਹਿੰਦਾ ਹੈ। ਖੋਟ ਕੱਢ ਕੇ ਖਰਾ ਬਣ ਜਾਂਦਾ ਹੈ। ਨਖਾਲਸਤਾ ਦੂਰ ਕਰ ਕੇ ਖਾਲਸ ਅਥਵਾ "ਖਾਲਸਾ" ਬਣ ਜਾਂਦਾ ਹੈ। ਵਿਸ਼ੇ ਵਿਕਾਰਾਂ ਦੀ ਦੁਨੀਆਂ ਵਿਚ ਰਹਿੰਦਾ ਹੋਇਆ ਭੀ ਕੰਵਲ ਫੁੱਲ ਵਾਂਗ ਨਿਰਮਲ ਤੇ ਪਵਿੱਤਰ ਰਹਿੰਦਾ ਹੈ।

———



www.AKJ.Org

# ਵੈਸਾਖੁ ਭਲਾ

(ਸ: ਸੇਵਾ ਸਿਘ 'ਸੇਵਕ' ਤਰਨਤਾਰਨ)

ਵੈਸਾਖੀ ਦਾ ਦਿਹਾੜਾ, ਵਰ੍ਹੇ ਭਰ ਵਿਚੋਂ. ਖੁਸ਼ੀ, ਖੇੜੇ, ਹੁਲਾਸ, ਵਿਗਾਸ, ਨਵੀਨਤਾ ਤੇ ਉਤਸ਼ਾਹ ਦਾ ਆਗਮਨ ਦਿਹਾੜਾ ਹੈ। ਬਹਾਰ ਦੀ ਰੁੱਤ ਦਾ ਇਹ ਦਿਨ ਅਨੇਕ ਪੱਖਾਂ ਤੋਂ ਸੰਸਾਰ ਲਈ ਜੀਵਨ-ਦਾਤਾ ਹੈ। ਇਹ ਉਹ ਸਮਾਂ ਹੈ ਜਦ ਕੁਦਰਤ ਦੀ ਕੁੱਖ ਵਿਚੋਂ ਨਵੀਨਤਾ, ਕੁਆਰਾਪਨ ਤੇ ਕਿਸ਼ੋਰਤਾ ਮੌਲਦੀ ਹੈ। ਕਾਇਨਾਤ ਵਿਗਸਦੀ ਹੈ, ਮਨੁੱਖਤਾ ਤਰੰਗਤ ਹੁੰਦੀ ਹੈ। ਮਨੁੱਖੀ ਮਨਾਂ ਵਿਚ ਨਵੇਂ ਚਾਅ, ਮਲ੍ਹਾਰ, ਰੀਝਾਂ ਤੇ ਉਸਾਰੂ ਰੁੱਚੀਆਂ ਅੰਗੜਾਈਆਂ ਲੈਂਦੀਆਂ ਹਨ। ਗੱਲ ਕੀ, ਹਰ ਪਾਸੇ 'ਰਾਜਾ ਰਾਮ ਮਉਲਿਆ ਅਨੰਤ ਭਾਇ' ਦਾ ਬੋਲ ਬਾਲਾ ਹੋ ਰਹਿਆ ਹੁੰਦਾ ਹੈ।

ਬਨਸਪਤੀ, ਜੋ ਸੰਸਾਰ ਦਾ ਸ਼ਿੰਗਾਰ ਹੈ, ਅਜਬ ਸੁਹਾਉ ਤੇ ਸੌਂਦਰਯ ਸਹਿਤ, ਪੱਤੀਆਂ, ਗ਼ੁੰਚਿਆਂ, ਫੁੱਲਾਂ, ਸ਼ਗੂਛਿਆਂ, ਕਰੂੰਮਲਾਂ ਤੇ ਨਵੀਆਂ ਸ਼ਾਖ਼ਾਂ ਨਾਲ ਸੁਸਜਿਤ ਤੇ ਮੀਨਾਕਾਰ ਹੋ ਕੇ ਸੁੰਦਰਤਾ ਲੁਟਾਉਣ ਲਈ ਉਤਸ਼ਾਹਤ ਹੁੰਦੀ ਹੈ। ਕਾਦਰ ਦੀ ਕੁਦਰਤ ਦੇ ਸੱਚੇ ਆਸ਼ਕ, ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਦੇ ਬਾਰਾਂ ਮਾਂਹ ਵਿਚ ਵੈਸਾਖ ਦਾ ਵਰਨਣ ਬੜੇ ਅਲੰਕ੍ਰਿਤ ਢੰਗ ਨਾਲ ਕੀਤਾ ਹੈ।

ਵੈਸਾਖੁ ਭਲਾ ਸਾਖਾ ਵੇਸ ਕਰੇ।

ਵਾਹ! 'ਵੈਸਾਖ' ਤੇ 'ਸਾਖਾ' ਦੇ ਵੱਸ ਦਾ ਕਿਹਾ ਕਲਾਮਈ ਉਲੇਖ ਹੈ। ਰੁੱਖਾਂ, ਬਿਰਖਾਂ ਵਿਚੋਂ ਫੁਟਦੀਆਂ ਸ਼ਾਖ਼ਾਂ, ਮਨੁੱਖੀ ਮਨ ਦੇ ਵਿਗਾਸ ਲਈ ਅਜਬ ਸਹਾਇਕ ਹੁੰਦੀਆਂ ਹਨ ਤੇ ਇਹ ਪੁੰਗਾਰਾ ਤੇ ਫੁਟਾਲਾ ਜੀਵ ਰੂਪ ਇਸਤਰੀ ਦੇ ਵਿਚ ਆਪਣੇ ਪ੍ਰੀਤਮ ਪਿਆਰੇ ਪਤੀ ਦੇ ਮੇਲ ਦੀ ਤਾਂਘ ਵਧੇਰੇ ਉਤੇਜਿਤ ਕਰਦਾ ਹੈ। ਪ੍ਰਭੂ-ਪਿਆਰ ਦੀ ਇਹ ਖਿੱਚ ਅਜਿਹੀ ਵਿਕਸਤ ਹੁੰਦੀ ਹੈ ਕਿ—

ਨਾਨਕ ਵੈਸਾਖੀ ਪ੍ਰਭੂ ਪਾਵੈ
ਸੁਰਤਿ ਸਬਦਿ ਮਨੁ ਮਾਨਾ।

ਅਨੁਸਾਰ ਜਗਿਆਸੂ ਦੀ ਸੁਰਤ, ਵਾਹਿਗੁਰੂ ਸ਼ਬਦ ਦੇ ਸਿਮਰਨ ਵਿਚ ਲਿਵਲੀਨ ਹੋ ਕੇ ਸੱਚ ਮੁੱਚ ਪ੍ਰਭੂ ਨਾਲ ਅਭੇਦ ਹੋ ਜਾਂਦੀ ਹੈ। ਆਦਿ ਗੁਰੂ ਜੀ ਦਾ ਕੁਦਰਤ ਦੇ ਬਦਲਵੇਂ ਰੂਪ ਵਿਚੋਂ ਵੈਸਾਖੀ ਦੇ ਦਿਨ ਨਾਲ ਸੰਬੰਧਤ ਇਹ ਸੁਨੇਹੜਾ ਅੱਜ ਵੀ ਸੰਸਾਰ ਦੇ ਜੀਵਾਂ ਲਈ ਪ੍ਰਭੂ-ਮੇਲ ਦਾ ਇਕ ਅਚੂਕ ਸਾਧਨ ਨਿਸਚਿਤ ਹੋ ਰਹਿਆ ਹੈ।

'ਵੈਸਾਖੁ ਭਲਾ' ਦੀ ਇਕ ਹੋਰ ਵੈਸਾਖੀ ਦੀ ੧੩ ਅਪਰੈਲ ੧੬੯੯ ਈਸਵੀ ਨੂੰ ਸੰਸਾਰੀਆਂ ਦੇ ਵੇਖਣ ਵਿਚ ਆਈ, ਜਦ ਕਿ ਜਗਤ-ਤਾਰਕ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਭ ਤੋਂ ਉੱਚੇ ਤੇ ਸੁੱਚੇ ਆਦਰਸ਼ ਨੂੰ ਪੂਰਨਤਾ ਦਾ ਰੂਪ ਦਿੱਤਾ। ਪਹਿਲੇ ਨੌਂ ਸਤਿਗੁਰੂ ਸਾਹਿਬ ਦੇ ਅਕਾਲੀ ਉਪ-ਦੇਸ਼ਾ ਦਾ ਸਦਕਾ, ਸਿੱਖੀ ਦਾ ਬੀਜ ਪਰਫੁਲਤ ਤਾਂ



www.AKJ.Org

ਹੋ ਚੁਕਾ ਸੀ ਪਰ ਇਸ ਸਦੀਵੀ ਅਮਰਤਾ ਤੇ ਸੰਜੀਵਤਾ ਭਰਨ ਵਾਲੀ ਅੰਤਮ ਛੁਹ ਇਸੇ ਦਿਨ ਲਾਈ ਗਈ। 'ਭਗਤੀ' ਦਾ ਸਿੰਚਾਰ ਤਾਂ ਹੋ ਰਹਿਆ ਸੀ ਪਰ 'ਸ਼ਕਤੀ' ਸੰਪੰਨ ਕਰਨ ਦਾ ਕਾਰਜ ਕਰਨਾ ਅਜੇ ਬਾਕੀ ਸੀ।

ਇਹ ਉਹ ਸਮਾਂ ਸੀ ਜਦ ਇਕ ਪਾਸੇ ਜ਼ੁਲਮ ਦੇ ਝਖੜਾ ਨੇ ਸੱਚੇ ਧਰਮ ਦਾ ਅਭਾਵ ਕਰਨ ਲਈ ਪੱਕੀ ਧਾਰਨਾ ਧਰੀ ਹੋਈ ਸੀ ਤੇ ਇਸੇ ਮਨੋਰਥ ਲਈ ੧੧ ਨਵੰਬਰ ੧੬੭੪ ਵਾਲੇ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ, ਉਨ੍ਹਾਂ ਦੇ ਧੜ ਨਾਲੋਂ ਦਿੱਲੀ ਦੇ ਚਾਂਦਨੀ ਚੌਂਕ ਵਿਚ ਅੱਡ ਕਰ ਦਿੱਤਾ ਗਇਆ। ਭਾਈ ਮਤੀ ਦਾਸ ਜੀ ਨੂੰ ਕੁਝ ਦਿਨ ਪਹਿਲਾਂ ਆਰੇ ਨਾਲ ਦੋ ਫਾੜ ਕੀਤਾ ਗਇਆ ਸੀ ਤੇ ਭਾਈ ਦਿਆਲਾਂ ਜੀ ਨੂੰ ਉਬਲਦੀ ਦੇਗ ਵਿਚ ਆਲੂ ਵਾਂਗ ਉਬਾਲਿਆ ਜਾ ਚੁਕਾ ਸੀ। ਅਜਿਹੇ ਅਪੂਰਬ ਜ਼ੁਲਮਾਂ ਦਾ ਸਦਕਾ, ਭਾਰਤ ਦੀ ਜਨਤਾ ਇੰਨੀ ਡਰੀ ਤੇ ਤਰਾਹੀ ਹੋਈ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਮੇਂ ਕਿਸੇ ਵੱਲੋਂ ਹਾ ਦਾ ਨਾਅਰਾ ਮਾਰਨਾ ਤਾਂ ਇਕ ਪਾਸੇ ਰਹਿਆ, ਉਨ੍ਹਾਂ ਨਾਲ ਆਪਣਾ ਕਿਸੇ ਪ੍ਰਕਾਰ ਦਾ ਸੰਬੰਧ ਪ੍ਰਗਟ ਕਰਨਾ ਵੀ ਭਾਰੀ ਖ਼ਤਰੇ ਵਿਚ ਪੈਣਾ ਸੀ। ਬਾਲਕ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਵਾਸੀਆਂ ਦੀ ਇਸ ਅਤਿ ਦਰਜੇ ਦੀ ਬੁਜ਼ਦਿਲੀ ਤੇ ਕਾਇਰਤਾ ਉਤੇ ਧਿਰਕਾਰ ਆਈ ਅਤੇ ਇਸ ਗੱਲ ਦਾ ਪੱਕਾ ਫ਼ੈਸਲਾ ਕਰ ਲਇਆ ਕਿ ਇਸ ਕਮਜ਼ੋਰੀ ਦੀ ਜੜ੍ਹ ਵੱਢ ਕੇ ਰੱਖ ਦਿੱਤੀ ਜਾਵੇਗੀ। ਪਰਖ ਦੀ ਅਜਿਹੀ ਕਸਵੱਟੀ ਕਾਇਮ ਕਰ ਦਿੱਤੀ ਜਾਵੇਗੀ, ਜਿਸ ਦਾ ਫਲ ਰੂਪ ਕੋਈ ਸਿੱਖ, ਧਰਮ ਪੁਰ ਆਣ ਬਣੀ ਵੇਲੇ ਮਟ ਨਹੀਂ ਸਕਿਆ ਕਰੇਗਾ। ਆਪ ਨੇ ਇਹ ਤਹੱਈਆ ਕਰ ਲਇਆ ਕਿ ਉਹ ਸਮੁੱਚੀ ਮਨੁੱਖਤਾ ਦੀ ਪੁਣ ਛਾਣ ਕਰ ਕੇ ਤੇ ਉਸ ਨੂੰ ਸੋਧ ਕੇ ਉਸ ਦਾ ਤੱਤ ਰੂਪ ਨਿਖਾਰ ਵਿਚ ਲੈ ਆਉਣਗੇ। ਉਹ ਸੱਚ ਤੇ ਧਰਮ ਦੇ ਰਾਖਿਆਂ ਉਤੇ ਅਜਿਹੀ ਪੱਕੀ ਮੋਹਰ ਛਾਪ ਲਾਉਣਗੇ, ਜੋ ਇਕ ਇਕੱਲਾ ਸਿੱਖ, ਹਜ਼ਾਰਾਂ ਤੇ ਲੱਖਾਂ ਦੀ ਭੀੜ ਵਿਚੋਂ ਸਹਿਜੇ ਹੀ ਪਛਾਨਿਆਂ ਜਾ ਸਕੇਗਾ। ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਤੇਈ ਸਾਲ ਕਠਿਨ ਘਾਲਣਾ ਘਾਲੀ ਤੇ ਮਨੁੱਖਤਾ ਨੂੰ ਧਰਮ ਦੀਆ ਸੱਚੀਆਂ ਸੁੱਚੀਆਂ ਲੀਹਾਂ ਉਤੇ ਜਥੇਬੰਦ ਕਰਨ ਦੇ ਉਪਰਾਲੇ ਜਾਰੀ ਰੱਖੇ। ਇਸ ਸਮੇਂ ਵਿਚ, ਉਸ ਸਮੇਂ ਦੀ ਔਰੰਗਜ਼ੇਬ ਸਰਕਾਰ ਤੇ ਹਿੰਦੂ ਰਾਜਿਆ ਵਲੋਂ ਗੁਰੂ ਸਾਹਿਬ ਨੂੰ ਬੇਸਰੋ-ਸਾਮਾਨ ਵੇਖ ਕੇ ਤੇ ਘੇਰ ਕੇ ਖ਼ਤਮ ਕਰ ਦੇਣ ਦੇ ਮਨਸੂਬੇ ਬਣਾਏ ਗਏ ਪਰ ਜ਼ੁਲਮ ਤੇ ਅਨਿਆਇ ਦੀਆਂ ਅਜਿਹੀਆਂ ਮਿਲਵੀਆਂ ਤਾਕਤਾਂ ਗੁਰੂ ਸਾਹਿਬ ਦਾ ਵਾਲ ਵਿੰਗਾ ਨਾ ਕਰ ਸਕੀਆਂ।

ਅੰਤ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੮ ਵਿਚ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਉਹ ਅਗੋਂ ਤੋਂ ਹਜਾਮਤ ਨਾ ਕਰਾਉਣ, ਤਬਾਕੂ ਦੀ ਵਰਤੋਂ ਛੱਡ ਦੇਣ, ਮੁਸਲਮਾਨੀ ਤਰੀਕੇ ਨਾਲ ਬਣਾਇਆ ਹੋਇਆ ਮਾਸ 'ਕੁੱਠਾ' ਨਾ ਖਾਣ, 'ਇਕਾ ਨਾਰੀ ਜਤੀ' ਹੋਣ ਦਾ ਪ੍ਰਣ ਧਾਰ ਲੈਣ, ਅਤੇ ਵੈਸਾਖੀ ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਪੁੱਜ ਜਾਣ। ਸਤਿਗੁਰੂ ਜੀ ਦੇ ਇਸ ਇਤਿਹਾਸਿਕ ਤੇ ਆਦਰਸ਼ਕ ਐਲਾਨ ਨੂੰ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਇਉਂ ਨਿਰੂਪਨ ਕੀਤਾ ਹੈ–

ਸ੍ਰੀਗੁਰੂ ਗੋਬਿੰਦ ਸਿੰਘ ਸੁਨਿ ਕਰ ਐਸੇ।
ਗਰਜਨ ਬੋਲੇ ਜਲਧਰ ਜੈਸੇ।



www.AKJ.Org

ਇਸ ਬਿਧ ਕੋ ਅਬ ਪੰਥ ਬਣਾਵੇ।
ਸਗਲ ਜਗਤ ਮਹਿ ਬਹੁ ਬਿਧ ਭਾਵੇ।
ਲਾਖਹੁੰ ਨਰ ਜਗ ਕੇ ਇਕ ਥਾਇ।
ਤਿਨ ਮਹਿ ਮਿਲੈ ਜਬੀ ਇਕ ਜਾਇ।
ਸਭ ਮਹਿ ਪ੍ਰਥਮ ਪਛਾਨ ਸੋ ਪਰੈ।
ਰਲੈ ਨਾ ਕਿਉਂ ਹੂੰ ਕੇ ਸਿਹੁ ਕਰੈ।
ਜਯੋਂ ਖਰਮਨ ਮਹਿ ਬਲੀ ਤੁਰੰਗ।
ਜਥਾ ਮਿਗਨ ਮਹਿ ਕੇਹਰ ਅੰਗ।
ਤਿਵ ਨਾਨਾ ਭੇਖਨ ਕੈ ਮਾਹਿ।
ਮਮ ਸਿਖ ਕੋ ਸਗਲੇ ਪ੍ਰਖਾਹਿ।

ਸ੍ਰੀ ਕਲਗੀਧਰ ਜੀ ਵੱਲੋਂ ਉਪਰੋਕਤ ਵੈਸਾਖੀ ਵਾਲ ਦਿਹਾੜੇ ਦਿੱਤੇ ਗਏ ਬੁਲਾਵੇ ਦਾ ਫਲ ਰੂਪ ਹਜ਼ਾਰਾਂ ਸਿੱਖ ਅਨੰਦਪੁਰ ਸਾਹਿਬ ਆਣ ਇਕੱਠੇ ਹੋਏ। ਦੀਵਾਨ ਸਜ ਗਇਆ। ਕੇਸਾਧਾਰੀ ਜਟਾ-ਜੂਟ ਸਿੱਖਾ ਨੂੰ ਕੇਸਗੜ੍ਹ ਦੇ ਅਸਥਾਨ ਉਤੇ ਪਰਖਣ ਲਈ ਗੁਰੂ ਜੀ ਦੇ ਬੀਰ-ਰਸੀ ਸਰੂਪ ਨੇ ਆਪਣੀ ਕਿਰਪਾਨ ਲਿਸ਼ਕਾਈ। ਉਸਤਾਦ ਗੁਰੂ ਜੀ ਵੱਲੋਂ ਪਾਏ ਗਏ ਪਰਚ ਦਾ ਪਹਿਲਾ ਸੁਆਲ ਇਹ ਸੀ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।

ਮਨੁੱਖਤਾ ਨੂੰ ਨਵਾਂ ਜਨਮ ਦੇਣ, ਇਸ ਨੂੰ ਪੰਗਾਰ ਤੇ ਫੁਟਾਲੇ ਵਿਚ ਲਿਆਉਣ, ਇਸ ਵਿਚੋਂ ਕਾਇਰਤਾਂ ਤੇ ਨਿਤਾਣਪੁਣੇ ਦੀ ਖੋਟ ਕੱਢ ਕੇ 'ਖ਼ਾਲਸ' ਕਰਨ ਲਈ ਅਤੇ ਜਗਤ ਜੀਵਾਂ ਦੀ ਰੱਖਿਆ ਦੀ ਖ਼ਾਤਰ ਪੰਥ ਨੂੰ ਸਰਬ ਗੁਣ ਸੰਬੰਧ ਤੇ ਮਰਬ ਕਲਾ ਸਮਰਥ ਬਣਾਉਣ ਲਈ ਆਪ ਵੱਲੋਂ ਕੀਤੀ ਜਾ ਰਹੀ ਪਰਖ ਵੀ ਅਜੀਬ ਤੇ ਅਪੂਰਬ ਸੀ। ਇਮਤਿਹਾਨ ਭਾਵੇਂ ਬੜਾ ਕਰੜਾ ਸੀ, ਪਰ ਵਾਰੋ ਵਾਰੀ ਪੰਜਾਂ ਸਿੱਖਾਂ ਵੱਲੋਂ ਸਿਰ ਪੇਸ਼ ਕਰਨ ਉਤੇ ਗੁਰੂ ਸਾਹਿਬ ਨੇ ਪੰਥ ਨੂੰ 'ਖ਼ਾਲਸਾ' ਬਣਾ ਦਿੱਤਾ ਤੇ ਇਸ ਵਿਚ ਦਇਆ, ਧਰਮ; ਹਿੰਮਤ, ਮੋਹਕਮਤਾਈ ਤੇ ਸਾਹਿਬੀ ਦੇ ਦੈਵੀ ਗੁਣਾਂ ਦਾ ਸੁਮੇਲ ਕਰ ਕੇ ਇਸ ਨੂੰ ਸਾਰੇ ਸੰਸਾਰ ਦੀ ਆਦਰਸ਼ਕ ਤੇ ਸ਼ਰੋਮਣੀ ਜਥਬੰਦੀ ਬਣਾ ਦਿੱਤਾ ਪਰਖ ਵਿਚ ਪੂਰੇ ਉਤਰਨ ਵਾਲੇ ਸਿੱਖੀ 'ਪੰਜ ਪਿਆਰੇ' ਕਹਿ ਕੇ ਸਨਮਾਨਿਆ ਗਇਆ, ਕੇਸਗੜ੍ਹ ਦੇ ਟਿੱਲੇ ਤੋਂ ਮਿਲੀ ਕੇਸਾਂ ਤੇ ਅਮ੍ਰਿਤ ਦੀ ਦਾਤ ਨੇ 'ਸਿੱਖ' ਨੂੰ 'ਸਿੰਘ' ਦਾ ਰੂਪ ਦੇ ਕੇ 'ਬੇ-ਸਿੰਘ' ਖ਼ਲਕਤ ਨਾਲੋਂ ਵੱਖਰੀ ਸ਼ਕਲ ਕਾਰਨ ਝਟ ਪਟ ਪਛਾਣਿਆ ਜਾਣ ਵਾਲਾ ਬਣਾ ਦਿੱਤਾ ਅਤੇ ਇਨ੍ਹਾਂ ਦਾ ਆਸ਼ਾ, ਇਸ਼ਟ, ਉਪਾਸ਼ਨਾ, ਖਾਣ ਪਾਣ, ਪਹਿਰਾਨ ਵੀ ਆਮ ਲੋਕਾਈ ਨਾਲੋਂ ਨਿਆਰਾ ਕਰ ਦਿੱਤਾ।

ਅਕਾਲ ਪੁਰਖ ਦੇ ਸਪੁੱਤਰ, ਗੁਰੂ ਗੋਬਿੰਦ ਜੀ ਆਪਣੀ ਤੇਤੀ ਸਾਲ ਦੀ ਭਰ ਜੁਆਨੀ ਦੀ ਉਮਰ ਵਿਚ ਆਪਣੇ ਰੂਪ ਤੋਂ ਇਸੇ 'ਵੈਸਾਖ ਭਲਾ' ਵਾਲੇ ਵੈਸਾਖੀ ਦੇ ਦਿਨ ਖ਼ਾਲਸੇ ਦੀ ਸਾਜਨਾ ਕੀਤੀ ਅਤੇ ਇਉਂ ਸਿੱਖ ਪੰਥ ਨੂੰ ਭਗਤੀ ਤੇ ਸ਼ਕਤੀ ਮੀਰੀ ਤੇ ਪੀਰੀ, ਧਰਮ ਤੇ ਰਾਜਨੀਤੀ, ਸੇਵਾ ਤੇ ਕੁਰਬਾਨੀ, ਹਿੰਮਤ ਤੇ ਪਰ-ਉਪਕਾਰ, ਸਦਾਚਾਰੀ ਤੇ ਦਲ-ਬਿਡਾਰ, ਸੰਤ ਤੇ ਸਿਪਾਹੀ, ਰਾਜਾ ਤੇ ਜੋਗੀ, ਗ੍ਰਿਹਸਥੀ ਪਰ ਉਦਾਸੀ ਤੇ ਸਾਰੇ ਸੰਸਾਰ ਦਾ ਸੇਵਾਦਾਰ ਨੀਯਤ ਕਰ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਿਛੋਂ ਜੋ ਹੇਠ ਲਿਖਿਆ ਪ੍ਰਣ ਆਪ ਨੇ ਕੀਤਾ ਸੀ :—

ਭੇੜੋਂ ਕੋ ਮੈਂ ਸ਼ੇਰ ਬਣਾਊਂ।
ਰਾਠਨ ਕੋ ਸੰਗ ਰੰਕ ਲੜਾਊਂ।



www.AKJ.Org

ਭੂਪ ਗ੍ਰੀਬਨ ਕੋ ਕਹਿਵਾਊਂ।
ਚਿੜੀਉਂ ਸੇ ਮੈਂ ਬਾਜ ਤੁੜਾਊਂ।
ਸਵਾ ਲਾਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਉਸ ਪ੍ਰਣ ਨੂੰ ਆਪ ਨੇ ਵੈਸਾਖੀ ਵਾਲੇ ਦਿਨ ਪੂਰਾ ਕਰ ਵਿਖਾਇਆ। ਪੰਜਾਂ ਕਕਾਰਾਂ ਦੀ ਰਹਿਤ ਵਿਚ ਪਰਪੱਕ ਰਹਿਣ ਤੇ ਚਹੁੰ ਕੁਰਹਿਤਾਂ ਤੋਂ ਬਚਣ ਦੀ ਸਿਖਿਆ ਦੇ ਕੇ, ਸਰਬ ਲੋਹ ਦੇ ਇਕੋ ਬਾਟੇ ਵਿਚ ਸਭ ਨੂੰ ਅੰਮ੍ਰਿਤ ਛਕਾ ਕੇ, ਸੰਗਤ ਪੰਗਤ ਤੇ ਰੋਟੀ ਬੇਟੀ ਦੀ ਸਾਂਝ ਨੂੰ ਪੱਕਿਆ ਕਰ ਦਿੱਤਾ। ਏਸ ਤਰ੍ਹਾਂ ਅਕਾਲ ਪੁਰਖ ਦੇ ਹੁਕਮ ਦੀ ਪਾਲਣਾ ਕਰਨ ਵਾਲੀ ਨਿਰਮਾਨ ਤੇ ਨਿਸ਼ਕਾਮ ਫ਼ੌਜ ਬਣਾ ਕੇ 'ਸਰਬਤ ਦੇ ਭਲੇ' ਲਈ ਰਣਜੀਤ ਨਗਾਰੇ ਉਤੇ ਚੋਟ ਲਾ ਦਿੱਤੀ।

ਆਪਣੇ ਰੂਪ ਤੋਂ ਸਾਜੇ ਹੋਏ 'ਖ਼ਾਲਸਾ' ਨੂੰ ਆਪ ਨੇ ਇਹ ਕਹਿ ਕੇ ਉੱਚਤਾ ਬਖ਼ਸ਼ੀ :—

ਖ਼ਾਲਸਾ ਮੇਰੋ ਰੂਪ ਹੈ ਖ਼ਾਸ!
ਖ਼ਾਲਸੇ ਮੇ ਹਉਂ ਕਰੋਂ ਨਿਵਾਸ।
ਖ਼ਾਲਸਾ ਮੇਰੋ ਮੁਖ ਹੈ ਅੰਗਾ।
ਖ਼ਾਲਸੇ ਕੋ ਹਉ ਸਦ ਸਦ ਸੰਗਾ।
ਖ਼ਾਲਸਾ ਮੇਰੋ ਇਸ਼ਟ ਸੁਹਿਰਦ।
ਖ਼ਾਲਸਾ ਮੇਰੋ ਕਹੀਅਤ ਬਿਰਦ।
ਹਉਂ ਖ਼ਾਲਸੇ ਕਾ ਖ਼ਾਲਸਾ ਮੇਰੋ।
ਓਤ ਪੋਤ ਸਾਗਰ ਬੂੰਦੇਰੋ।
(ਸਰਬ ਲੋਹ ਗ੍ਰੰਥ)

ਅੱਜ ਤੋਂ ੨੬੭ ਵਰ੍ਹੇ ਪਹਿਲਾਂ, ਵੈਸਾਖੀ ਵਾਲੇ ਦਿਨ ਸਜਿਆ ਹੋਇਆ ਖ਼ਾਲਸਾ, ਸੱਚ, ਧਰਮ ਤੇ ਦੀਨ ਮਜ਼ਲੂਮ ਦੀ ਰੱਖਿਆ ਕਰਨ ਤੋਂ ਕਦੀ ਪਿੱਛੇ ਨਹੀਂ ਪਰਤਿਆ। ਇਸ ਉੱਚੇ ਆਦਰਸ਼ ਦੀ ਪੂਰਤੀ ਕਰਦਿਆਂ ਹੋਇਆ ਖ਼ਾਲਸਾ ਪੰਥ ਉਤੇ ਕਈ ਵਾਰ ਡਾਢੀਆਂ ਭੀੜਾਂ ਬਣੀਆਂ। ਸਿੰਘਾਂ ਦਾ ਬੀਜ ਨਾਸ ਕਰਨ ਦੇ ਕਈ ਵਾਰ ਉਪਰਾਲੇ ਕੀਤੇ ਗਏ। ਇਨ੍ਹਾਂ ਦੇ ਸਿਰਾਂ ਦੇ ਮੁੱਲ ਪਾਏ ਗਏ, ਜੰਗਲਾਂ ਤੇ ਬੇਲਿਆਂ ਵਿਚ ਇਨ੍ਹਾਂ ਦੇ ਸ਼ਿਕਾਰ ਖੇਡੇ ਗਏ। 'ਸਿੰਘਊ' ਤੋਂ ਡੇਗਣ ਲਈ ਇਨ੍ਹਾਂ ਨੂੰ ਕਈ ਤਰ੍ਹਾਂ ਦੇ ਲਾਲਚ ਤੇ ਭੈ ਦਿੱਤੇ ਗਏ ਪਰ ਕਲਗੀਧਰ ਦਾ ਸਾਜਿਆ ਖ਼ਾਲਸਾ ਅੱਜ ਤਕ ਆਪਣੇ ਨਿਸ਼ਾਨੇ ਤੋਂ ਕਦੀ ਪਿੱਛੇ ਨਹੀਂ ਥਿੜਕਿਆ। ਸੰਨ ੧੭੪੬ ਤੇ ੧੭੬੨ ਦੇ ਘੱਲੂਘਾਰਿਆਂ ਸਮੇਂ ਇਕ ਦਿਨ ਵੀਹ ਵੀਹ ਹਜ਼ਾਰ ਦੀ ਗਿਣਤੀ ਵਿਚ ਸਿੰਘਾਂ ਨੂੰ ਕਤਲ ਕੀਤਾ ਗਇਆ, ਪਰ 'ਖ਼ਾਲਸੇ' ਨੇ ਜ਼ਾਲਮ ਦੀ ਈਨ ਮੰਨਣ ਨਾਲੋਂ ਮੌਤ ਨੂੰ ਤਰਜੀਹ ਦਿੱਤੀ।

ਬਾਜਾਂ ਵਾਲੇ ਪਿਤਾ ਵੱਲੋਂ ਬਖ਼ਸ਼ੀ ਹੋਈ ਕੇਸਾਧਾਰੀ ਸਾਬਤ ਸੂਰਤ ਹੀ ਸਿੰਘ-ਪੁਣੇ ਦੀ ਪੱਕੀ ਨਿਸ਼ਾਨੀ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੰਘਾਂ ਨੇ ਆਪਣੀਆਂ ਖੋਪਰੀਆਂ ਲੁਹਾ-ਉਣੀਆਂ ਤਾਂ ਸਵੀਕਾਰ ਕੀਤੀਆਂ ਪਰ ਅੰਮ੍ਰਿਤੀਏ ਕੇਸਾਂ ਤੋਂ ਅੱਡ ਹੋਣਾ ਗਵਾਰਾ ਨਾ ਕੀਤਾ।

੧੯੬੫ ਦੀ ਤੇ ਅੱਜ ਦੀ ਵੈਸਾਖੀ, ਸ੍ਰੀ ਕੇਸਗੜ੍ਹ ਦੇ ਟਿੱਲੇ ਤੋਂ ਵੀਹਵੀਂ ਸਦੀ ਦੇ ਪਦਾਰਥ ਵੇੜ੍ਹੇ ਤੇ ਧੜਿਆਂ ਦੇ ਦੁਫੇੜੇ ਹੋਏ ਹਰੇਕ ਸਿੰਘ ਨੂੰ ਵਗਾਰ ਕੇ ਤੇ ਲਲਕਾਰ ਲਲਕਾਰ ਕੇ ਸੁਨੇਹਾ ਦੇ ਰਹੀ ਹੈ ਕਿ ਐ ਸਿੰਘ ਅਖਵਾਉਣ ਵਾਲਿਓ! ਜ਼ਰਾ ਆਪਣਾ ਚਿਹਰਾ ਤੇ ਰੂਪ, ਸ਼ੀਸ਼ੇ ਸਾਹਮਣੇ ਹੋ ਕੇ ਤਾਂ ਤੱਕੋ। ਕੀ ਇਹ ਉਸ ਕਲਗੀਧਰ ਪਿਤਾ ਨਾਲ ਮੇਲ ਖਾਂਦਾ ਹੈ, ਜਿਸ ਨੇ ਤੁਹਾਨੂੰ ਆਪਣੇ ਰੂਪ ਤੋਂ ਪੈਦਾ ਕੀਤਾ ਸੀ?



www.AKJ.Org

ਸਿੰਘ ! ਤੇ ਇਸ ਤੋਂ ਵਧੀਕ ਤੱਕੋ ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਆਪਣੇ ਨਿੱਤ-ਕਰਮਾਂ ਵੱਲ। ਕੀ ਅਸੀਂ ਬਾਜਾਂ ਵਾਲੇ ਪਿਤਾ ਦੇ ਸਿੰਘ ਅਖਵਾਉਣ ਦੇ ਹੱਕਦਾਰ ਹਾਂ ? ਕੀ ਅਸਾਂ ਧਰਮ ਨਾਲੋਂ ਧੜੇ ਨੂੰ ਤਰਜੀਹ ਨਹੀਂ ਦਿੱਤੀ ਹੋਈ ? ਕੀ ਅਸੀਂ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦਾ ਨਾਅਰਾ ਲਾਉਣ ਵਾਲੇ ਗੁਰੂ ਦੇ ਸਨਮੁਖ ਮੂੰਹ ਦੇ ਸਕਦੇ ਹਾਂ ? ਕੀ ਸਿੱਖ ਨੂੰ ਸਿੱਖ ਦੇ ਮਿਲਣ ਤੋਂ ਕੋਈ ਖ਼ੁਸ਼ੀ ਦੀ ਝਰਨਾਟ ਪੈਦਾ ਹੁੰਦੀ ਹੈ ? ਅਜਿਹੇ ਸੁਆਲਾਂ ਦਾ ਉਤਰ ਅੱਜ ਦੇ ਦਿਨ ਅਸਾਂ ਆਪਣੇ ਮਨ ਪਾਸੋਂ ਲੈ ਕੇ ਗੁਰੂ ਕਲਗੀਧਰ ਦੇ ਪੇਸ਼ ਕਰਨਾ ਹੈ । ਸਿੰਘੋ ! ਤੱਕੋ, ਅੱਜ ਜ਼ਰਾ ਕੇਸਗੜ੍ਹ ਵੱਲ, ਤੱਕੋ ਜ਼ਰਾ ਕੇਸਗੜ੍ਹ ਵਾਲੇ ਵੱਲ, ਤੱਕੋ ਜ਼ਰਾ ਆਪਣੀ ਵੱਲ ਅਤੇ ਇਉਂ ਮੁੜ ਮੁੜ ਤੱਕਦੇ ਰਹੋ ਦੁਪਾਸੀਂ, ਜਦ ਤਕ ਕਿ ਸਾਡੇ ਹਿਰਦਿਆਂ ਵਿਚ ਮੁੜ ਆ ਵੜੀ ਖੋਟ ਸਾਰੀ ਦੀ ਸਾਰੀ ਨਿਕਲ ਨਹੀਂ ਜਾਂਦੀ ਤੇ ਜਦ ਤਕ ਅਸੀਂ ਆਪਣੇ ਰੂਪ ਨੂੰ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕਾਇਮ ਕੀਤੇ ਸੱਚ ਉਤੇ ਢਾਲ ਕੇ ਪੂਰਨ ਖ਼ਾਲਸਾ ਨਹੀਂ ਬਣ ਜਾਂਦੇ।

———


## ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ । ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ

ਕਿਰਪਾਨਾਂ ਵਾਲੇ

2 ਅਜੀਤ ਨਗਰ, ਅੰਮ੍ਰਿਤਸਰ




www.AKJ.Org

# ਆਤਮਿਕ ਉਪਦੇਸ਼

(ਗਿਆਨੀ ਕਰਮ ਸਿੰਘ 'ਭੰਡਾਰੀ' ਐਡੀਟਰ 'ਪ੍ਰੀਤ ਪਟਾਰੀ' ਬਰਨਾਲਾ)

ਕਾਹਨੂੰ ਭਟਕੇਂ, ਲਟ-ਛਟ ਅਟਕੇਂ, ਜੇਕਰ ਜੋਤ ਨਿਹਾਰੇ।
ਜੀਂਵਦਿਆਂ ਲਏ ਜੀਵਨ ਪਦ ਪਾ, ਜਨਮ ਨਾ ਜੂਆ ਹਾਰੇ।
ਕਦੇ ਕੀਟ ਕਦੇ ਹਸਤੀ ਦਾ, ਤਨ ਵਾਰ ਵਾਰ ਰੂਹ ਧਰਦੀ।
ਜਾਂ ਥੀਂ ਸੁਖ ਮੁਤਲਾਸ਼ੀ ਤਾਂਈਂ, ਸੂਹ ਨਾ ਲੁਕੇ ਘਰਦੀ।
ਧੋਖਾ, ਮਕਰ, ਫਰੇਬੀ ਬਦਲੇ, ਬਲਦਾ ਕੱਬਾ ਲੂੰਮੜ।
ਸ਼ੱਪ, ਬਣ ਮਿੱਟੀ ਫੱਕੇ, ਕਿਹੜਾ ਬੰਦਾ ਸੂਮੜ।
ਦਿੱਤਾ ਦਾਨ ਨਾ ਭੁੱਖੇ ਨੂੰ ਕਿਣ, ਨਾ ਰੱਜ ਖਾਧਾ ਜੀਹਣੇ।
ਤਸ਼ਾਉਦੇ ਚਮੜੀ ਜੋੜੀ ਦਮੜੀ, ਐਸੇ ਲੋਕ ਕਮੀਣੇ।
ਜਿਹੜਾ ਚਲਦੀ ਵਿਚ ਚਲਾਵੇ, ਚੀੜ ਫਾੜ ਜਿਉਂ ਦਰੰਦਾ।
ਨੋਟਿਸ ਲਾ ਕੇ ਮਾਰੇ ਡਾਕੇ, ਢਾਹ ਕੇ ਮੁਖੋਂ ਨਿੰਦਾ।
ਇਹ ਤਾਂ ਬਿਰਤੀ ਵਣ ਪਸ਼ੂ ਦੀ, ਤੂੰ ਕਿਉਂ ਬੰਦੇ ਪਕੜੀ।
ਗਏ ਗੁਆਚੇ ਗੌਰਵ ਨੂੰ ਹੁਣ, ਕੀ ਗਿੱਚੀ ਤੂੰ ਜਕੜੀ।
ਮਨ ਡਰਾਈਵਰ, ਦੇਹੀ ਮੋਟਰ, ਚਲਦੀ ਜਿਵੇਂ ਚਲਾਉਂਦਾ।
ਹਿਰਦੇ ਇੰਜਣ ਲਾਗੇ ਬੈਠਾ, ਗੇਅਰ ਖ਼ੂਬ ਲਗਾਉਂਦਾ।
ਗੇਅਰ ਬ੍ਰਿਤੀ ਚਿਤ ਹੈ ਘੇਰੀ, ਰਜ, ਮਤ, ਤਮ ਗੁਣ ਚਾਲਾਂ।
ਕਦੇ ਦੇਵ, ਕਦੇ ਜੀਵ ਸੁਆਨੀ, ਕਦੇ ਤਾਂ ਵਾਂਗ ਚੁੰਡਾਲਾਂ।
ਬੁੱਧ ਕਲੱਚੋ ਲੈ ਕੇ ਮਦਦ, ਅੱਪ ਡਾਊਨ ਸੰਚਰਦਾ।
ਕਦੇ ਨਿਊਟਲ, ਕਦੇ ਫ਼ਸਟ-ਟੂ, ਕਦ ਹਵਾ ਵਿਚ ਕਰਦਾ।
ਸਟਰਿੰਗ ਫੁਰਨਾ ਚਿਤ ਦੇ ਹੱਥੀਂ, ਸੁਖ ਸਧਰਾਂ ਵਲ ਧਾਵੇ।
ਜੇਹੀ ਸੜਕ ਸਵਾਉਂ ਪਕੜੇ, ਤੇਹੀ ਮੰਜ਼ਲ ਪਾਵੇ।
ਲੈਣ ਜੋ ਕੰਮ ਨਾ ਅਕਲ ਕਲੱਚੋ, ਪਿਛੋਂ ਮਨੂਏ ਰੋਂਦੇ।
ਬ੍ਰੇਕੀ ਔਫ਼ ਨਾ ਸੈਲਫ਼ ਉਠਾਵੇ, ਆਫ਼ ਕਲੱਚ ਦੇ ਹੁੰਦੇ।
ਆਫ਼ ਕਲੱਚ ਦੇ ਮਾਣੇ ਇਹੋ, ਧਰਮ ਕਰਮ ਦਾ ਰੁਕ ਜਾਣਾ।
ਲਿਆਂ ਬ੍ਰੇਕ ਰੁਕ ਜਾਣ ਦਾ ਖ਼ਤਰਾ, ਚਲਣ ਪੈ ਹਦਸਾਣਾ।
ਚੰਚਲਤਾ ਵਿਚ ਮੋੜ ਸੜਕ ਦੇ, ਸੰਕਲਪ, ਵਿਕਲਤ ਉਚ ਨੀਚੇ
ਚੂਕ ਜ਼ਰਾ ਜੇ ਜਾਏ ਡਰਾਈਵਰ, ਚਕਨਾ ਚੂਰ ਹੋ ਬੀਚੇ।
ਨਿਤਨੇਮ ਨਾ ਜੋ ਕਰਨ ਪ੍ਰੇਮੀ, ਸਿਨਮ ਕਲੱਬੀ ਧਾਉਂਦੇ।
ਧਰਮ ਰਾਜ ਦੀ ਕੋਟ ਇਨਕੁਆਰੀ, ਜਨਮ ਸਜ਼ਾਵਾਂ ਪਾਉਂਦੇ।



www.AKJ.Org

# ਜ਼ਫ਼ਰਨਾਮਾ—ਇਕ ਅਧਿਅਨ

(ਗਿਆਨੀ ਕਰਮ ਸਿੰਘ ਜੀ ਭੰਡਾਰੀ, ਐਡੀਟਰ ਪ੍ਰੀਤ ਪਟਾਰੀ, ਬਰਨਾਲਾ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਤੇ ਉਸ ਦੇ ਪੈਰੋਕਾਰ, ਪੰਜਾਬ ਦੇ ਨਵਾਬਾਂ ਵਲੋਂ ਕੀਤੇ ਜਾ ਰਹੇ ਆਮ ਜਨਤਾ ਅਤੇ ਸਿੱਖਾਂ ਉਪਰ ਜ਼ੋਰੋ ਜ਼ੁਲਮ ਦਾ ਬੜੀ ਨਿਰਭੈਤਾ, ਸਹਿਣ-ਸ਼ੀਲਤਾ ਅਤੇ ਦਲੇਰਾਨਾ ਸ਼ਕਤੀ ਨਾਲ ਚਾਰ ਮਹਾਨ ਯੁਧਾਂ ਵਿਚ ਟਾਕਰਾ ਕਰਕੇ ਫਤੇਹ ਪਾਉਣ ਉਪਰੰਤ ਔਰੰਗਜ਼ੇਬ ਦੇ ਨਾਮ ਦੋ ਖਤ ਲਿਖੇ। ਜਿਨਾਂ ਅੰਦਰ ਦਸਮੇਸ਼ ਪਾਤਸ਼ਾਹ ਜੀ ਨੇ ਆਪਣੀ ਹਾਰ ਨੂੰ ਵੀ ਜਿੱਤ ਦਾ, ਔਰੰਗਜ਼ੇਬ ਦੀ ਜਿਤ ਨੂੰ ਹਾਰ ਦਾ, ਪ੍ਰਤੀਕ ਦਸ ਕੇ ਇਕ ਬਹੁਤ ਵਡੀ ਦਲੇਰਾਨਾਂ ਸ਼ਕਤੀ ਅਤੇ ਹੌਂਸਲਾ ਦਿਖਾਇਆ ਹੈ। ਇਹ ਦੋ ਖਤ ਹਨ। 1. ਫ਼ਤੇਹ ਨਾਮਾ 2. ਜ਼ਫ਼ਰਨਾਮਾ।

'ਫ਼ਤੇਹਨਾਮਾ' ਲਿਖਣ ਦੇ ਸਮੇਂ ਸਥਾਨ ਦਾ ਸਾਨੂੰ ਕੁਝ ਵੀ ਪਤਾ ਨਹੀਂ ਚਲਦਾ, ਪਰ ਉਸ ਦਾ ਅਧਿਐਨ ਕਰਨ ਤੇ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਜ਼ਫ਼ਰਨਾਮੇ ਤੋਂ ਪਹਿਲਾਂ ਦੀ ਲਿਖਤ ਹੈ ਜਿਵੇਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਤੇਹ ਨਾਮੇ ਦੇ ਚਧਵੇਂ ਸ਼ਿਅਰ ਅੰਦਰ ਸਿਰਫ ਦੋ ਵਡੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋ ਜਾਣ ਦਾ ਹੀ ਜ਼ਿਕਰ ਕੀਤਾ ਹੈ ਕਿ —

"ਚਿਹ ਸ਼ੁਦ ਗਰ ਸ਼ਗਾਲੇ ਬਮਕਰੋ ਰਿਆ।
ਹਮੀਂ ਕੁਸ਼ਤ ਦੋ ਬੱਚਾ-ਇ-ਸ਼ੇਰ ਰਾ।"

(ਭਾਵ ਕੀ ਹੋਇਆ ਜੇ ਇਕ ਗਿੱਦੜ ਨੇ ਧੋਖੇ ਤੇ ਚਲਾਕੀ ਸਦਕਾ ਸ਼ੇਰ ਦੇ ਦੋ ਬਚੇ ਮਾਰ ਦਿਤੇ ਹਨ।)

ਜਦੋਂ ਕਿ ਦਸਮੇਸ਼ ਪਾਤਸ਼ਾਹ ਨੇ ਜ਼ਫ਼ਰਨਾਮੇ ਅੰਦਰ ਆਪਣੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਵਰਨਣ ਕੀਤਾ ਹੈ ਜਿਵੇਂ ਕਿ :—

"ਚਿਹਾ ਸ਼ੁਦ ਕਿ ਤੂੰ ਬੱਚਗਾ ਕੁਸਤਾ ਚਾਰ।
ਕਿ ਬਾਕੀ ਬਮਾਂਦਤ ਪੇਚੀਦਾ ਮਾਰ।"

(ਭਾਵ, ਕੀ ਹੋਇਆ ਜੇ ਤੇਰੇ ਫੌਜੀਆਂ ਵਲੋਂ ਮੇਰੇ ਚਾਰ ਪੁੱਤਰ ਮਾਰੇ ਗਏ ਹਨ ਪਰ ਕੁੰਡਲੀਆ ਸਪ ਖਾਲਸਾ ਤਾਂ ਬਾਕੀ ਰਹਿੰਦਾ ਹੈ।)

'ਫਤੇਹ ਨਾਮਾ' ਦੇ ਕੁਲ 24 ਸ਼ੇਅਰ ਮਿਲਦੇ ਹਨ ਖਿਆਲ ਕੀਤਾ ਜਾਂਦਾ ਹੈ ਕਿ ਇਹ ਉਹ ਅਧੂਰੀ ਰਚਨਾ ਹੈ ਜਿਹੜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਸਭ ਤੋਂ ਪਹਿਲੀ ਪਤਰਕਾ ਦੇ ਰੂਪ ਵਿਚ ਪਿੰਡ ਜਟ ਪੁਰੇ ਤੋਂ ਕਿਸੇ ਸਿੰਘ ਦੇ ਹੱਥ ਔਰੰਗਜ਼ੇਬ ਪਾਸ ਭੇਜੀ ਸੀ। ਇਸ 'ਫ਼ਤੇਹ ਨਾਮੇ' ਨੂੰ ਪੜ੍ਹਕੇ ਹੀ ਔਰੰਗਜ਼ੇਬ ਨੇ ਕਈ ਸੁਨੇਹੇ ਅਤੇ ਪਤਰਕਾਵਾਂ ਗੁਰੂ ਜੀ ਪਾਸ ਦਿਲੀ ਆ ਕੇ ਮਿਲਣ ਲਈ ਘਲੇ। ਜਿਸ ਦਾ ਸਬੂਤ ਸਾਨੂੰ ਜ਼ਫ਼ਰ ਨਾਮੇ ਵਿਚਲੇ ਹੇਠ ਲਿਖੇ ਸ਼ੇਅਰ ਪੜ੍ਹਨ ਤੋਂ ਮਿਲਦਾ ਹੈ ਜਿਵੇਂ ਕਿ :—

'ਨਵਿਸ਼ਤ ਰਸੀਦੋ ਬਗੁਫਤ ਜ਼ਬਾਂ।
ਫ਼ਿਬਾਯਦ ਕਿ ਈਂ ਰਾਹਤ ਰਸਾਂ।

(ਭਾਵ, ਮੇਰੇ ਪਾਸ ਤੇਰਾ ਲਿਖਿਆ ਖੱਤ ਅਤੇ ਕਈ ਜ਼ਬਾਨੀ ਸੁਨੇਹੇ ਪਹੁੰਚੇ ਹਨ। ਹੁਣ ਤੈਨੂੰ ਚਾਹੀਦਾ ਹੈ ਕਿ ਇਸ ਕੰਮ ਨੂੰ ਪੂਰਾ ਕਰ ਦੇਵੇਂ।)



www.AKJ.Org

ਅਤੇ–

"ਕਿ ਕਾਜੀ ਮਰਾ ਗੁਫਤ ਬੇਨੂੰ ਨਯਮ।
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ।"

(ਭਾਵ, ਤੇਰੇ ਕਾਜੀ ਨੇ ਜੋ ਕੁਝ ਵੀ ਮੈਨੂੰ ਕਿਹਾ, ਮੈਂ ਉਸ ਦੇ ਅਨੁਕੂਲ ਹਾਂ ਪਰ ਹੁਣ ਜੇ ਤੂੰ ਸਚਾ ਹੈ ਤਾਂ ਮੇਰੇ ਪਾਸ ਆ)

'ਫਤੇਹਨਾਮਾ' ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਜੰਗ ਤੋਂ ਬਾਅਦ ਦੀਨੇ ਕਾਂਗੜ ਪਹੁੰਚਣ ਤੋਂ ਕੁਝ ਦਿਨ ਪਹਿਲਾਂ ਅਤੇ ਵਿਚ ਹੀ 'ਜਟਪੁਰੇ' ਬੈਠ ਕੇ ਲਿਖਿਆ ਸੀ। ਇਸ ਫਤਿਹਨਾਮੇ ਦਾ ਜਵਾਬ ਆਪ ਦੀਨੇ ਕਾਂਗੜ ਗਏ ਜੋਧ ਦੇ ਪੋਤਰੇ, ਸਮੀਨੇ ਲਖਮੀਰੇ ਤੇ ਤਖਤਮਲ ਦੇ ਕਿਲੇ ਅੰਦਰ ਬੈਠੇ ਉਡੀਕਦੇ ਰਹੇ। ਕੁਝ ਮਹੀਨਿਆਂ ਬਾਅਦ ਫਤਿਹ ਨਾਮੇ ਦਾ ਜਵਾਬ ਔਰੰਗਜੇਬ ਵਲੋਂ ਆਉਣ ਤੇ ਇਥੋਂ ਹੀ ਗੁਰੂ ਜੀ ਨੇ ਔਰੰਗਜੇਬ ਦੀ ਪਤਰਕਾ ਦੇ ਜਵਾਬ ਅੰਦਰ, ਬੀਤੀਆਂ ਜੰਗ ਦੀਆਂ ਅਹਿਮ ਘਟਨਾਵਾਂ ਤੇ ਆਪਣੇ ਆਦਰਸ਼ ਦਾ ਲਖਾਇਕ 'ਜ਼ਫ਼ਰਨਾਮਾ' ਵੈਸਾਖ ਸੰਮਤ 1761 ਨੂੰ ਰਚਕੇ ਭਾਈ ਜੇਠਾ ਜੀ ਦੇ ਹਥ ਔਰੰਗਜ਼ੇਬ ਪਾਸ ਭੇਜ ਦਿਤਾ।

ਔਰੰਗਜ਼ੇਬ ਇਸ ਸਮੇਂ ਦਖਣ ਵਿਚ ਖ਼ੁਦ ਜੰਗ ਕਰਨ ਲਈ ਅਹਿਮਦਾ ਨਗਰ ਪਹੁੰਚਿਆ ਹੋਇਆ ਸੀ। ਜਿਸ ਕਾਰਨ ਭਾਈ ਜੇਠਾ ਜੀ ਨੇ ਦਿਆ ਸਿੰਘ ਜੀ ਦੇ ਨਾਲ ਪਹਿਲਾਂ ਦਿਲੀ ਫਿਰ ਆਗਰੇ ਉਸ ਤੋਂ ਬਾਅਦ ਚੰਬਲ ਨਦੀ ਪਾਰ ਕਰਕੇ ਗਵਾਲੀਅਰ ਹੁੰਦਿਆਂ ਹੋਇਆ ਬੁਹੋਰਨਪੁਰ ਅਤੇ ਔਰੰਗਾਬਾਦ ਵਿਚ ਦੀ ਦੋ ਸਾਲ ਸਤ ਮਹੀਨੇ ਬਾਅਦ ਕਤਕ 1763 ਸੰਮਤ ਨੂੰ ਅਹਿਮਦਾ ਨਗਰ ਪਹੁੰਚਕੇ ਇਹ ਜ਼ਫ਼ਰਨਾਮਾ ਔਰੰਗਜ਼ੇਬ ਨੂੰ ਦੇਣਾ ਕੀਤਾ।

'ਜ਼ਫ਼ਰ ਨਾਮਾ, ਜਿਸ ਦੇ ਆਮ ਸ਼ਬਦਾਂ ਵਿਚ ਅਰਥ ਹਨ 'ਜਿਤ ਦੀ ਚਿਠੀ' ਸਾਡੇ ਪਾਸ ਪੂਰੀ ਤਰ੍ਹਾਂ ਕਾਇਮ ਹੈ। ਜਿਸ ਦੇ ਕੁਲ ਸ਼ੇਅਰ 112 ਹਨ। ਕਈ ਜਗ੍ਹਾ 115 ਸ਼ੇਅਰਾਂ ਦਾ ਹਵਾਲਾ ਦਿਤਾ ਗਿਆ ਮਿਲਦਾ ਹੈ। ਜ਼ਫ਼ਰਨਾਮਾ ਦਸਮ ਗਰੰਥ ਦੀ ਬੀੜ ਦੇ ਅਖੀਰ ਵਿਚ ਦਰਜ ਹੈ ਸਾਨੂੰ ਭਾਰਤ ਦੇ ਪੁਰਾਤਨ ਤੇ ਆਧੁਨਿਕ ਇਤਿਹਾਸ ਵਿਚੋਂ ਹੀ ਨਹੀਂ ਸਗੋਂ ਸੰਸਾਰ ਦੇ ਇਤਿਹਾਸ ਵਿਚੋਂ ਭੀ ਅਜਿਹੀ ਇਕ ਵੀ ਮਿਸਾਲ ਨਹੀਂ ਮਿਲਦੀ ਕਿ ਇਕ ਸਾਮਰਾਜੀ ਸਲਤਨਤ ਹਕੂਮਤ ਨਾਲ ਟਾਕਰਾ ਲਾ ਕੇ, ਕੋਈ ਸੱਜਣ ਹਾਰਨ ਉਪਰੰਤ ਵੀ ਹੌਂਸਲਾ ਨਾ ਹਾਰ ਕੇ ਉਸ ਹਕੂਮਤ ਦੇ ਹੁਕਮਰਾਨ ਨੂੰ ਆਪਣੀ ਦਿਲੀ ਉਮੰਗ, ਉਸ ਦੀਆਂ ਕੋਝੀਆਂ ਤੇ ਗੁਝੀਆਂ ਧੋਖੇਬਾਜ ਹਰਕਤਾਂ ਨੂੰ ਨਿਰਭੈਤਾ ਨਾਲ ਬਿਆਨ ਕਰ ਗਿਆ ਹੋਵੇ। ਇਹ ਨਿਰਭੈਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਵਿਚੋਂ ਹੀ ਸਾਨੂੰ ਮਿਲਦੀ ਹੈ। ਜਿੰਨਾਂ ਨੇ ਇਕ ਸਾਮਰਾਜੀ ਸਲਤਨਤ ਨਾਲ ਟਕਰ ਲੈ ਕੇ, ਆਮ ਜਨਤਾ ਉਪਰ ਪ੍ਰਾਧੀਨਤਾ ਨਾ ਸਹਿਨ ਕਰਦਿਆਂ ਹੋਇਆ, ਬੇਇਨਸਾਫੀ ਦੀ ਪ੍ਰਵਿਰਤੀ ਦੇ ਬਰਖਿਲਾਫ ਜਦੋ-ਜਹਿਦ ਕੀਤੀ ਅਤੇ ਬਾਅਦ ਵਿਚ ਇਕ ਵੰਗਾਰ ਤੇ ਚਨੌਤੀ ਭਰੀ ਪਤਰਕਾ ਵੀ ਲਿਖ ਭੇਜੀ।

'ਜ਼ਫਰਨਾਮਾ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉਸ ਇਖਲਾਕੀ ਆਦਰਸ਼, ਵਿਸ਼ਵਾਸ ਦੀ ਦ੍ਰਿੜਤਾ, ਆਤਮਗੌਰਵ ਤੇ ਦੇਸ ਅਤੇ ਕੌਮੀਅਤ ਸੇਵਾ ਦੇ ਉਭਾਰ ਦਾ ਪ੍ਰਤੀਕ ਹੈ। ਜਿਸ ਰਾਹੀਂ ਗੁਰੂ ਜੀ ਨੇ ਆਪਣੀ ਅਦੁਤੀ ਪ੍ਰਤਿਭਾ ਅਤੇ ਬਲਵਾਨ ਆਤਮਾ ਸਦਕਾ ਔਰਗਜੇਬ ਦੀ ਜ਼ਿਆਦਤੀ ਦਾ ਪ੍ਰਤੀਕਰਮ ਰਚਕੇ ਆਮ ਜਨਤਾ ਸਾਹਮਣੇ ਪੇਸ਼ ਕੀਤਾ। 'ਜ਼ਫ਼ਰਨਾਮਾ' ਇਕ ਅਜਿਹੀ ਜਿਤ ਦੀ ਚਿਠੀ ਹੈ, ਜਿਸ ਅੰਦਰ ਗੁਰੂ ਜੀ ਨੇ ਵਿਅਕਤੀਗਤ ਮਿਤਰਤਾ ਤੇ ਦੁਸ਼ਮਣੀ ਦੇ ਭੇਦ ਭਾਵ ਨੂੰ ਮਿਟਾਕੇ ਬੇਇਨਸਾਫੀ ਤੇ ਉਲਟੀ ਵਾੜ ਖੇਤ ਨੂੰ ਖਾਣ ਦੇ ਪ੍ਰਤੀਕੂਲ ਕੌਮੀਅਤ ਉਸਾਰੀ ਦਾ ਪੁਨਰ



www.AKJ.Org

ਜਜ਼ਬਾ ਅਤੇ ਆਜਾਦੀ ਦਾ ਸਾਰਥਕ ਤੇ ਸੰਤੁਲਨ ਰਸਤਾ ਸੰਯੁਕਤ ਰੂਪ ਵਿਚ ਬਿਆਨ ਕੀਤਾ ਹੈ। ਇਹ ਗੁਰੂ ਜੀ ਦੀ ਆਪਣੀ ਸਵੈ-ਜੀਵਣੀ ਨੂੰ ਬਿਆਨ ਕਰਨ ਵਾਲੀ ਸਵਤੰਤਰਤਾ ਦੇ ਵਾਰਸ ਦੀ ਪ੍ਰਤੀਕ ਖਾਲਸਈ ਪ੍ਰੰਪਰਾ ਤੇ ਵਿਸ਼ਵਾਸ ਦੀ ਦ੍ਰਿੜਤਾ ਨੂੰ ਬਿਆਨ ਕਰਦਾ ਹੈ। ਗੁਰੂ ਜੀ ਨੇ 'ਜ਼ਫ਼ਰਨਾਮੇ' ਅੰਦਰ ਨੀਵੀਂ ਜਾਤੀ ਦੀ ਜਦੋ ਜਹਿਦ ਨੂੰ ਇਕ ਨਰੋਈ, ਸ਼ਕਤੀਸ਼ਾਲੀ ਸੇਧ ਪ੍ਰਦਾਨ ਕਰਨ ਲਈ ਇਸ ਅੰਦਰ ਆਮ ਜਨਤਾ ਦੇ ਇਨਕਲਾਬ ਮਈ ਦ੍ਰਿਸ਼ਟੀਕੋਣ ਨੂੰ ਮੂਰਤੀਮਾਨ ਕੀਤਾ ਹੈ।

'ਜ਼ਫਰਨਾਮੇ ਅੰਦਰ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤ ਦੀ ਸਭ ਤੋਂ ਵਡੀ ਸਲਤਨਤ ਨਾਲ ਟਕਰ, ਉਸਦੀਆਂ ਕੋਝੀਆਂ ਕਰਤੂਤਾਂ ਨੂੰ ਬੜੀ ਨਿਰਭੇਤਾ ਨਾਲ ਬਿਆਨ ਕੀਤਾ ਹੈ ਇਹ 'ਜ਼ਫਰਨਾਮਾ, ਗੁਰੂ ਗੋਬਿੰਦ ਸਿੰਘ ਜੀ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ ਗੁਰੂ ਜੀ ਲਿਖਦੇ ਵੀ ਹਨ ਕਿ :–

(ਭਾਵ ਮੇਰੀ ਹਾਰ ਸਚਾਈ ਦੀ ਜਿਤ ਅਤੇ ਮੇਰੀ ਜਿਤ ਝੂਠ ਦੀ ਹਾਰ ਦਾ ਪ੍ਰਤੀਰ ਹੈ)

ਗੁਰੂ ਜੀ ਨੇ ਔਰੰਗਜ਼ੇਬ ਨੂੰ ਇਸ ਜ਼ਫ਼ਰਨਾਮੇ ਵਿਚ ਇਕ ਆਮ ਮਨੁਖ ਸਮਝਕੇ ਨਿਰਭੈਤਾ ਨਾਲ ਸਵਾਲਾਂ ਦਾ ਜਵਾਬ ਦਿਤਾ ਹੈ ਅਤੇ ਆਪ ਕਈ ਸਵਾਲਾਂ ਦਾ ਜਵਾਬ ਮੰਗਿਆ ਹੈ ਜਿਵੇਂ ਗੁਰੂ ਜੀ ਔਰੰਗਜ਼ੇਬ ਨੂੰ ਆਪਣੇ ਪਾਸ ਕਾਂਗੜ ਆਉਣ ਲਈ ਕਹਿੰਦੇ ਹਨ ਕਿ :-

"ਤਸਰੀਫ ਦਰ ਕਸਬ, ਕਾਂਗੜ ਕੁਨਦ।
ਵਜਾਂ ਪਸ ਮੁਲਾਕਾਤ ਬਾਹਮ ਸ਼ਵਦ।"

(ਭਾਵ ਜੇ ਤੂੰ ਕਾਂਗੜ ਆਵੇਂ ਤਦ ਹੀ ਆਪਣੀ ਮੁਲਾਕਾਤ ਹੋ ਸਕੇਗੀ।)

ਅਤੇ—

"ਨਾ ਜ਼ੱਰ ਦਰੀਂ ਰਾਹ ਖ਼ਤਰ: ਤੁਰਾਸਤ।
ਹਮ ਕੌਮਿ ਬੈਰਾੜ ਹੁਕਮਿ ਮਰਾਸਤ।"

(ਭਾਵ ਰਸਤੇ ਵਿਚ ਤੇਰੇ ਲਈ ਕੋਈ ਖ਼ਤਰਾ ਨਹੀਂ ਕਿਉਂਕਿ ਸਾਰੀ ਬੈਰਾੜ ਕੌਮ ਮੇਰੇ ਆਪਣੇ ਹੁਕਮ ਵਿਚ ਹੈ।)

ਅਤੇ—

"ਬਿਆ ਤਾਂ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ॥"

(ਭਾਵ ਜੇ ਤੂੰ ਕਾਂਗੜ ਆ ਜਾਵੇਂ ਤਾਂ ਅਸੀਂ ਇਕ ਦੂਜੇ ਦੇ ਸਾਹਮਣੇ ਜ਼ਬਾਨੀ ਗੱਲ ਬਾਤ ਕਰ ਸਕਦੇ ਹਾਂ।)

ਗੁਰੂ ਜੀ ਦਾ ਬਾਦਸ਼ਾਹ ਪ੍ਰਤੀ ਇਸ ਨਿਰਭੈਤਾ ਨਾਲ ਲਿਖਣਾ ਕਿ ਕਾਂਗੜੇ ਦਾ ਇਲਾਕਾ ਮੇਰੇ ਆਪਣੇ ਕਬਜ਼ੇ ਵਿਚ ਹੈ ਅਤੇ ਬੈਰਾੜ ਕੌਮ ਮੇਰੇ ਹੁਕਮ ਵਿਚ ਇਕ ਸਚਾਈ ਤੇ ਵੰਗਾਰ ਪੇਸ਼ ਕੀਤੀ ਹੈ। "ਜ਼ਫਰਨਾਮਾ" ਇਕ ਪਹਿਲਾ ਪੱਤਰ ਹੈ, ਜਿਸ ਵਿਚੋਂ ਬੇਬਾਕੀ, ਨਿਰਭੈਤਾ ਤੇ ਸਵੈਮਾਨ ਦੁਆਰਾ ਇਕ ਇਕ ਸ਼ੇਅਰ ਵਿਚ ਗਰਜ ਦਿਖਾਈ ਦਿੰਦੀ ਹੈ। ਇਹ ਸ਼ਕਾਇਤਾਂ ਦਾ ਉਹ ਬਿਉਰਾ ਹੈ, ਜਿਸ ਤੋਂ ਸਾਨੂੰ ਇਕ ਅਣਖੀ ਲੇਖਕ ਹੋਣ ਦਾ ਲਲਕਾਰਾ ਮਿਲਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫਰਨਾਮੇ' ਵਿਚ ਔਰੰਗਜ਼ੇਬ ਨੂੰ ਉਸ ਦੀ ਤਾਕਤ ਬਦਲੇ ਇਕ ਟਕੇ ਵਰਗਾ ਜ਼ਵਾਬ ਦੇਣਾ ਕੀਤਾ ਹੈ। ਬੜੀ ਨਿਰਭੈਤਾ ਨਾਲ ਲਿਖਿਆ ਹੈ ਕਿ :—

"ਬਿਬਾਯਦ ਤੂ ਦਾਨਿਸ਼ ਪ੍ਰਸਤੀ ਕੁਨੀ।
ਬਕਾਰੇ ਸੁਮਾ ਚੀਰ: ਦਸਤੀ ਕੁਨੀ॥"

(ਭਾਵ ਤੂੰ ਸਿਆਣਪਤ ਤੋਂ ਕੰਮ ਲੈ ਅਤੇ ਆਪਣੇ ਹਰ ਇਕ ਕੰਮ ਨੂੰ ਚੰਗੀ ਤਰ੍ਹਾਂ ਤੇ ਕਰੜਾਈ ਨਾਲ ਕਰ)

ਅਤੇ—

"ਸ਼ਨਾਸਦ ਹਮੀਂ ਕੂ ਨ ਯਜ਼ਦਾਂ ਕਰੀਮ।
ਨ ਖ਼ਵਾਰਦ ਹਮੀਂ ਤੂ ਬਦੌਲਤ ਅਜ਼ੀਮ॥"

(ਭਾਵ ਤੇਰੇ ਪਾਸ ਬਸਤ੍ਰ ਦੌਲਤ ਅਤੇ ਪਾਤਸ਼ਾਹੀ



www.AKJ.Org

ਹੈ ਪਰ ਕ੍ਰਿਧਾਲੂ, ਪ੍ਰਮਾਤਮਾਂ ਤੈਨੂੰ ਕਦੇ ਵੀ ਨਹੀਂ ਚਾਹੁੰਦਾ ਹੈ।)

ਇਸੇ ਪ੍ਰਕਾਰ ਗੁਰੂ ਜੀ ਨੇ 78ਵੇਂ, 82ਵੇਂ, 84ਵੇਂ ਸ਼ੇਅਰਾਂ ਵਿਚ ਔਰੰਗਜ਼ੇਬ ਦੀ ਬੁਜ਼ਦਿਲੀ ਅਤੇ ਨਾ-ਮਰਦਾਵੀਂ ਤੇ ਕਰਾਰੀ ਚੋਟ ਲਾਈ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਜ਼ਫ਼ਰਨਾਮੇ ਅੰਦਰ ਅਨੰਦਪੁਰ ਅਤੇ ਚਮਕੌਰ ਦੇ ਯੁੱਧਾਂ ਦਾ ਸੰਕੇਤ ਵੀ ਕੀਤਾ ਹੈ। ਲਿਖਦੇ ਹਨ ਕਿ ਚਮਕੌਰ ਦੀ ਗੜ੍ਹੀ ਵਿਚ ਭੁੱਖਣ ਭਾਣੇ 40 ਸਿੰਘ ਕਿੰਨਾ ਕੁ ਚਿਰ ਤੇਰੇ ਭੁੱਖੇ ਭੇਡੂਆਂ ਅਤੇ ਬੇ-ਸ਼ੁਮਾਰ ਟਿੱਡੀਦਲ ਰੂਪੀ ਫ਼ੌਜ ਦਾ ਟਾਕਰਾ ਕਰ ਸਕਦੇ ਸਨ। ਜਦੋਂ ਕਿ ਤੇਰੀ ਫ਼ੌਜ ਅਚਣਚੇਤ ਅਣਗਿਣਤ ਉਹਨਾਂ ਉਪਰ ਟੁੱਟ ਪਈ। (19ਵਾਂ ਸ਼ੇਅਰ) ਜਦੋਂ ਤੇਰੀ ਫ਼ੌਜ ਨੇ ਕੁਰਾਨ ਸ਼ਰੀਫ਼ ਦੀਆਂ ਖਾਧੀਆਂ ਸੁਗੰਧਾਂ ਨੂੰ ਛਿੱਕੇ ਟੰਗ ਕੇ ਬਚਨ ਭੰਗ ਕਰ ਦਿੱਤੇ ਅਤੇ ਬੇ-ਅੰਦਾਜ਼ ਤੀਰ, ਬੰਦੂਕਾਂ ਲੈ ਕੇ ਤੇਰਾ ਲਸ਼ਕਰ ਮੇਰੇ ਸਿੰਘਾਂ ਉੱਪਰ ਟੁੱਟ ਪਿਆ। (20ਵਾਂ ਸ਼ੇਅਰ) ਤਾਂ ਮੈਨੂੰ ਮਜਬੂਰਨ ਤੌਰ ਤੇ ਮੈਦਾਨੇ ਜੰਗ ਵਿਚ ਆਪਣੇ ਸਿੰਘਾਂ ਸਮੇਤ ਜੰਗ ਵਿਚ ਆ ਕੇ ਤੇਰੀ ਫ਼ੌਜ ਦੇ ਬਰਖ਼ਿਲਾਫ਼ ਸ਼ਸਤਰ ਚੁਕਣੇ ਪਏ। (21ਵਾਂ ਸ਼ੇਅਰ) ਕਿਉਂਕਿ :—

"ਚੁਕਾਰ ਅਜ਼ ਹਮ: ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬਸ਼ਮਸ਼ੀਰ ਦਸਤ।"

(ਭਾਵ ਜਦੋਂ ਸਾਰੇ ਹੀਲੇ ਵਰਤ ਕੇ ਵੇਖ ਲਏ ਜਾਣ ਅਤੇ ਕੰਮ ਪੂਰਾ ਨਾ ਹੋਵੇ ਤਾਂ ਤਲਵਾਰ ਚੁੱਕ ਲੈਣੀ ਜਾਇਜ਼ ਹੈ।)

'ਜ਼ਫ਼ਰਨਾਮੇ' ਅੰਦਰ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਦੀ ਕੂਟਲ ਨੀਤੀ ਦਾ ਬਿਆਨ ਕਰਦਿਆਂ ਹੋਇਆਂ ਕਹਿਆ ਹੈ ਕਿ :—

"ਸ਼ਹਨਸ਼ਾਹਿ ਔਰੰਗਜ਼ੇਬ ਆਲਮੀਂ।
ਕਿ ਦਾਰਾਇ ਦੌਰ ਅਸਤ ਦੂਰ ਅਸਤ ਦੀ॥"

(ਭਾਵ ਔਰੰਗਜ਼ੇਬ, ਭਾਵੇਂ ਤੂੰ ਆਪਣੇ ਆਪ ਵਿਚ ਬਾਦਸ਼ਾਹਾਂ ਦਾ ਵੀ ਬਾਦਸ਼ਾਹ ਹੈਂ, ਸਾਰੀ ਧਰਤੀ ਉੱਪਰ ਤੇਰਾ ਕਬਜ਼ਾ ਹੈ, ਸੰਸਾਰ ਉੱਪਰ ਤਖ਼ਤ ਕਾਰਨ ਸੋਭਾ ਪਾ ਰਿਹਾ ਹੈਂ ਪਰ ਧਰਮ ਤੋਂ ਬਹੁਤ ਦੂਰ ਹੈਂ।)

ਅਤੇ—

"ਨਾ ਈਮਾਂ ਪ੍ਰਸਤੀ ਨ ਅਉਜ਼ਾਇ ਦੀਂ।
ਨਾ ਸਾਹਿਬ ਸ਼ਨਾਸੀ ਨ ਮੁਹੰਮਦ ਯਕੀਂ॥"

(ਭਾਵ ਔਰੰਗਜ਼ੇਬ ਤੂੰ ਨਾ ਧਰਮ ਦੀ ਪੂਜਾ ਕਰਦਾ ਹੈਂ ਨਾਂ ਧਰਮ ਬਾਰੇ ਜਾਣਦਾ ਹੈਂ ਤੈਨੂੰ ਉਸ ਮਾਲਕ ਪ੍ਰਮਾਤਮਾਂ ਦੀ ਪਛਾਣ ਵੀ ਨਹੀਂ, ਤੇ ਨਾ ਹੀ ਤੂੰ ਆਪਣੇ ਪੈਗ਼ੰਬਰ ਤੇ ਵਿਸ਼ਵਾਸ ਰਖਦਾ ਹੈਂ। ਇਸ ਲਈ ਤੈਨੂੰ ਧਰਮ ਤੋਂ ਦੂਰ ਕਹਿਆ ਜਾ ਸਕਦਾ ਹੈ।) ਕਿਉਂਕਿ ਧਰਮ ਕਦੀ ਵੀ ਸਾਨੂੰ ਖ਼ੁਦ ਪ੍ਰਸਤੀ, ਦਗ਼ਾ, ਫ਼ਰੇਬ, ਚਲਾਕੀ ਆਦਿ ਨਹੀਂ ਸਿਖਾਉਂਦਾ। ਆਪਣੇ ਆਪ ਵਿਚ ਬੇਸ਼ੱਕ ਤੂੰ ਸਾਰਿਆਂ ਰਾਜਿਆਂ ਵਿਚੋਂ ਖ਼ੁਸ਼-ਨਸੀਬ, ਬਰੀਕ ਅਕਲ ਵਾਲਾ, ਬੜੇ ਸੁੰਦਰ ਦਿਲੋ-ਦਿਮਾਗ ਤੇ ਰੂਪ ਵਾਲਾ ਹੈ। ਆਪਣੇ ਆਪ ਵਿਚ ਤਲਵਾਰ ਦਾ ਧਨੀ ਵੀ ਪੂਰਾ ਹੈਂ (90—91ਵਾਂ ਸ਼ੇਅਰ) ਪਰ ਤੂੰ ਉਸ ਪ੍ਰਮਾਤਮਾਂ ਨੂੰ ਭੁਲਾ ਬੈਠਾ ਹੈਂ ਜਿਹੜਾ ਕਰਾਮਾਤਾਂ ਦਾ ਕਮਾਲ ਤੇ ਸੰਸਾਰ ਦੇ ਹਰ ਜੀਵ ਨੂੰ ਰੋਜ਼ੀ ਦੇਣ ਵਾਲਾ ਹੈ, ਅਤੇ ਦਿਆ ਕਰਨ ਵਾਲਾ ਹੈ! ਔਰੰਗਜ਼ੇਬ! ਜਿਸ ਖ਼ੁਦਾ ਦਾ ਤੂੰ ਪੁਜਾਰੀ ਹੈਂ, ਉਸੇ ਖ਼ੁਦਾ ਨੂੰ ਮੈਂ ਮੰਨਦਾ ਹਾਂ। ਸਾਡਾ ਇਸ਼ਟ ਸਾਂਝਾ ਹੈ, ਉਹ ਸਭ ਬਾਦਸ਼ਾਹਾਂ ਦਾ ਬਾਦਸ਼ਾਹ, ਨੇਕੀਆਂ ਦਾ ਦਾਤਾ, ਪ੍ਰਿਤਪਾਲਕ, ਅਰੰਗ, ਰੂਪ ਹੈ। ਅਤੇ ਉਹ ਅਰਸ਼ੀ ਪ੍ਰੀਤਮ ਉਸ ਨਿਮਾਣੇ, ਨਿਤਾਣੇ ਜੀਵ ਨੂੰ ਵੀ ਸੁੱਖ ਸ਼ਾਂਤੀ ਬਖ਼ਸ਼ਦਾ ਹੈ। ਜਿਸ ਪਾਸ ਤੇਰੇ ਵਾਂਗ ਬੇਸ਼ੱਕ ਸਾਜ਼-ਸਾਮਾਨ ਫ਼ੌਜ



www.AKJ.Org

ਅਤੇ ਧਨ ਦੌਲਤ ਨਾ ਵੀ ਹੋਵੇ।

(3-4ਵਾਂ ਸ਼ੇਅਰ)

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਜਿਸ ਧਰਮ ਦਾ ਤੂੰ ਆਪਣੇ ਆਪ ਨੂ ਪੈਰੋਕਾਰ, ਕੂਟਲ-ਨੀਤੀ ਉੱਪਰ ਚਲਦਾ ਹੋਇਆ ਸਮਝਦਾ ਹੈਂ ਵਾਸਤਵ ਵਿਚ ਤੂੰ ਇਕ ਧੋਖਾ ਖਾ ਰਿਹਾ ਹੈਂ ਕਿਉਂਕਿ ਤੂੰ ਮੈਨੂੰ ਸਮਝ ਨਹੀਂ ਸਕਿਆ। ਪਹਾੜੀ ਰਾਜਿਆਂ ਦੀ ਤੂੰ ਇਸ ਕਰ ਕੇ ਸਹਾਇਤਾ ਕੀਤੀ ਕਿ ਤੂੰ ਅਤੇ ਉਹ ਮੇਰੇ ਵਿਰੋਧੀ ਸਨ। ਦਰਅਸਲ ਵਿਚ ਮੈਂ ਕਿਸੇ ਨਾਲ ਦੁਸ਼ਮਨ ਦੇ ਤੌਰ ਤੇ ਜੰਗ ਨਹੀਂ ਕੀਤਾ, ਹੱਕ-ਪ੍ਰਸਤੀ ਅਤੇ ਨਿਆਇ_ਸ਼ੀਲਤਾ ਉਪਰ ਚਲਦਿਆਂ ਹੋਇਆਂ ਜਬਰੋ-ਜ਼ੁਲਮ ਵਿਰੁਧ ਤਲਵਾਰ ਉਠਾਈ ਸੀ। ਭਾਰਤ ਵਿਚੋਂ ਜੇ ਬੁੱਤ-ਪ੍ਰਸਤੀ ਤੂੰ ਦੂਰ ਕਰਨਾ ਚਾਹੁੰਦਾ ਸੈਂ ਤਾਂ ਬੁੱਤਾ ਦਾ ਮੰਡਨ ਮੈਂ ਵੀ ਨਹੀਂ ਕਰਦਾ ਸਾਂ, ਪਰ ਤੂੰ ਮੈਨੂੰ ਸਮਝ ਨਾ ਸਕਿਆ :—

"ਮਨਮ ਕੁਸਤਨਮ ਕੋਹੀਆਂ ਬੁੱਤ ਪ੍ਰਸਤ।
ਕਿ ਓ ਬੁੱਤ ਪਰਸਤੰਦੁ ਮਨ ਬੁੱਤ ਸ਼ਿਕਸਤ।"

(ਭਾਵ ਹੇ ਔਰੰਗਜੇਬ ਮੈਂ ਵੀ ਤੇਰੇ ਵਾਂਗ ਉਹਨਾਂ ਪਹਾੜੀ ਰਾਜਿਆਂ ਦਾ ਦੁਸ਼ਮਨ ਹਾਂ, ਜੋ ਬੁੱਤ ਪੂਜਕ ਹਨ, ਕਿਉਂਕਿ ਮੈਂ ਵੀ ਬੁੱਤ ਸ਼ਿਕਨ ਹਾਂ।)

ਪਹਾੜੀ ਰਾਜੇ ਬੁੱਤ ਪ੍ਰਸਤ ਹਨ, ਤੂੰ ਅਤੇ ਮੈਂ ਬੁੱਤ ਸ਼ਿਕਨ ਹਾਂ। ਤੇਰੇ ਅਤੇ ਮੇਰੇ ਵਿਚ ਇਹ ਅੰਤਰ ਹੈ ਕਿ ਤੂੰ ਅਸੂਲ ਪ੍ਰਸਤ ਨਹੀਂ ਮਤਲਬ ਪ੍ਰਸਤ ਹੈਂ। ਮੈਂ ਅਸੂਲ ਪ੍ਰਸਤੀ ਹੁੰਦਾ ਹੋਇਆ ਇਕ ਰੱਬ ਪ੍ਰਸਤੀ ਤੇ ਪਰਸਾਰ ਹਾਂ। ਮੈਂ ਤੈਨੂੰ ਖੁਦਾ ਪ੍ਰਸਤੀ, ਦੀਨ ਪ੍ਰਸਤੀ ਤਦ ਮੰਨਦਾ ਜੇ ਤੂੰ ਅਨੰਦਪੁਰ ਦੀ ਗੜ੍ਹੀ ਵਿਚੋਂ ਮੈਨੂੰ ਕੱਢਣ ਲਈ ਧੋਖੇ ਫ਼ਰੇਬ ਅਤੇ ਝੂਠੀਆਂ ਸੁਗੰਧਾਂ, ਕੁਰਾਨ ਸ਼ਰੀਫ਼ ਦੀਆਂ ਕਸਮਾਂ ਦੀ ਆੜ ਨਾ ਲੈਂਦਾ। ਤੇਰੀਆਂ ਇਹਨਾਂ ਝੂਠੀਆਂ ਸੁਗੰਧਾਂ ਉੱਪਰ ਇਤਬਾਰ ਕਰਨ ਦੇ ਕਾਰਨ ਹੀ ਮੇਰੇ ਚਾਰੇ ਪੁੱਤਰ ਸ਼ਹੀਦ ਹੋਏ, ਪਿਆਰੇ ਸਿੰਘ ਕੁਰਬਾਨ ਹੋਏ ਅਤੇ ਮੈਨੂੰ ਕਦੀ ਵੀ ਤੇਰੀਆਂ ਸੁਗੰਧਾਂ ਤੇ ਇਤਬਾਰ ਨਹੀਂ ਹੋਵੇਗਾ :—

"ਕਸੇ ਕਉਲ ਕਰਆਂ ਕੁਨੱਦ ਐਤਵਾਰ।
ਹਮਾ ਰੋਜ਼ ਆਖ਼ਰ ਸ਼ਵੱਦ ਮਰਦ ਖ੍ਵਾਰ॥"

(ਭਾਵ ਜੇ ਕੋਈ ਤੇਰੇ ਸਰਦਾਰਾਂ ਤੇ ਤੇਰੀਆਂ ਕਸਮਾਂ ਦਾ ਇਤਬਾਰ ਕਰ ਲਵੇ ਤਾਂ ਉਸ ਨੂੰ ਉਸ ਸਮੇਂ ਖੁਆਰ ਹੋਣਾ ਪਵੇਗਾ। ਮੇਰੇ ਨਿਤ ਦੇ ਤਜਰਬੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਿਸੇ ਵੀ ਸ਼ਖ਼ਸ ਨੂੰ ਤੇਰੇ ਅਤੇ ਤੇਰੇ ਸਰਦਾਰਾਂ ਉੱਪਰ ਭਰੋਸਾ ਨਹੀਂ ਰਹਿਆ।)

ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਕਹਿੰਦੇ ਹਨ ਕਿ ਅਨੰਦਪੁਰ ਵਿਚ ਇਹਨਾਂ ਤੇਰੀਆਂ ਸੁਗੰਧਾਂ ਦੇ ਕਾਰਨ ਹੀ ਮੈਨੂੰ ਆਪਣੇ 40 ਸਿੰਘ ਸ਼ਹੀਦ ਕਰਵਾਉਣੇ ਪਏ। ਤੇਰੇ ਦਸ ਲੱਖ ਲਸ਼ਕਰ ਨੇ ਚਮਕੌਰ ਦੀ ਗੜ੍ਹੀ ਵਿਚ ਮੇਰੇ 40 ਭੁੱਖਣ ਭਾਣੇ ਸਿੰਘਾਂ ਉਪਰ ਹਮਲਾ ਕਰ ਦਿੱਤਾ। (19ਵਾਂ ਸ਼ੇਅਰ) ਤੇਰੇ ਸਰਦਾਰ ਕੀਤੇ ਹੋਏ ਬਚਨਾਂ ਨੂੰ ਤੋੜ ਕੇ ਤਲਵਾਰਾਂ, ਤੀਰਾਂ ਅਤੇ ਬੰਦੂਕਾਂ ਸਮੇਤ ਅਚਾਨਕ ਹੀ ਆ ਪਏ (20ਵਾਂ ਸ਼ੇਅਰ)।

ਗੁਰੂ ਗੋਬਿੰਦ ਸਿੰਘ ਜੀ ਇਸ ਤੋਂ ਬਾਅਦ ਇਸ ਜ਼ਫਰਨਾਮੇ ਦੇ ਅਗਲੇ ਸ਼ੇਅਰਾਂ ਵਿਚ ਚਮਕੌਰ ਦੀ ਗੜ੍ਹੀ ਵਿਚਲੇ ਹੋਏ ਜੰਗ ਦਾ ਬਿਆਨ ਲਿਖਦੇ ਹਨ ਕਿ :—

"ਬਰੰਗੇ ਮਗਸ ਸਯਾਹ ਪੋਸ਼ ਆਮਦੰਦ।
ਬਯਕਬਾਰਗੀ ਦਰ ਖ਼ਰੋਸ਼ ਆਮਦੰਦ॥"

(ਭਾਵ ਹੇ ਔਰੰਗਜ਼ੇਬ ਤੇਰੀ ਫ਼ੌਜ ਨੇ ਸਾਰੀਆਂ ਸੁਗੰਧਾਂ ਤੋ ਬਚਨਾਂ ਨੂੰ ਛਿੱਕੇ ਟੰਗ ਕੇ ਮੱਖੀਆਂ ਵਾਂਗ ਇਕੋ ਵਾਰੀ ਵਿਚ ਹੀ ਰੌਲੇ ਰੱਪੇ ਵਿਚ ਨਾਅਰੇ ਲਾਉਂ-ਦਿਆਂ ਹੋਇਆਂ ਹੱਲਾ ਕਰ ਦਿੱਤਾ।

ਇਸ ਜੰਗ ਅੰਦਰ ਦਸ਼ਮੇਸ਼ ਪਾਤਸ਼ਾਹ ਗੜ੍ਹੀ ਦੇ ਕੱਚੇ ਚੁਬਾਰੇ ਦੀ ਓਟ ਲੈ ਕੇ ਜੰਗ ਕਰ ਰਹੇ ਸਨ।



www.AKJ.Org

ਆਪ ਲਿਖਦੇ ਹਨ ਕਿ ਜਿਹੜਾ ਵੀ ਸਾਨੂੰ ਪਕੜਨ ਜਾਂ ਮਾਰਨ ਹਿੱਤ ਇਸ ਗੜ੍ਹੀ ਦੀ ਕੰਧ ਉੱਪਰ ਚੜ੍ਹਨ ਦਾ ਹੌਂਸਲਾ ਕਰਨ ਲੱਗਿਆ ਉਸ ਨੂੰ ਅਸੀਂ ਇਕ ਤੀਰ ਨਾਲ ਸਦਾ ਲਈ ਖ਼ੂਨ ਦੀ ਨਦੀ ਵਿਚ ਵਹਾ ਦਿੱਤਾ। (27ਵਾਂ ਸ਼ੇਅਰ) ਪਰ ਜਿਹੜੇ ਸਿਪਾਹੀ ਕੰਧ ਉੱਪਰ ਨਾ ਚੜ੍ਹੇ ਉਹ ਮੇਰੇ ਤੀਰ ਤੋਂ ਬਚ ਰਹੇ। (38ਵਾਂ ਸ਼ੇਅਰ) ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ ਕਿ ਔਰੰਗਜ਼ੇਬ ਮੇਰੇ ਦਿਲ ਦੀ ਇਕ ਤਮੰਨਾ ਜ਼ਰੂਰ ਪੂਰੀ ਹੋ ਗਈ ਹੈ ਕਿ ਜਿਸ ਨਾਹਰ ਖ਼ਾਂ ਨੇ ਸੁਗੰਧਾਂ ਅਤੇ ਧਰਮ ਦਾ ਰਸਤਾ ਤਿਆਗ ਕੇ ਸਾਡੇ ਉੱਪਰ ਅਚਾਨਕ ਹਮਲਾ ਕੀਤਾ ਸੀ। ਉਹ ਨਾਹਰ ਖ਼ਾਂ ਜਦੋਂ ਇਕ ਪੌੜੀ ਉੱਪਰ ਚੜ੍ਹ ਕੇ ਚੁਬਾਰੇ ਵਿਚੋਂ ਮੈਨੂੰ ਅਤੇ ਮੇਰੇ ਸਿੰਘਾਂ ਨੂੰ ਪਕੜਨ ਦੀ ਨਾ-ਮੁਨਾਸਬ ਕੋਸ਼ਿਸ਼ ਕਰਨ ਲੱਗਿਆ ਤਾਂ ਉਹ ਮੇਰੇ ਇਕੋ ਤੀਰ ਦਾ ਸੁਆਦ ਚੱਖ ਕੇ ਆਪਣਾ ਕੰਮ ਪਾਰ ਕਰਾ ਬੈਠਾ। (29ਵਾਂ ਸ਼ੇਅਰ) ਹੋਰ ਵੀ ਬਹੁਤ ਸਾਰੇ ਪਠਾਣ ਆਏ ਪਰ ਮਾਰ ਖਾਂਦੇ ਹੋਏ ਭੱਜ ਗਏ। ਇਸ਼ੇ ਪ੍ਰਕਾਰ ਖ੍ਵਾਜਾ ਮਰਦੂਦ ਨੇ ਜਦੋਂ ਮੈਦਾਨੇ-ਜੰਗ ਵਿਚ ਵੱਡੇ ਪਠਾਣ ਸਰਦਾਰ ਮੇਰੇ ਤੀਰ ਨਾਲ ਮਰਦੇ ਵੇਖੇ ਤਾਂ ਉਹ ਇਕ ਵਾਰ ਵੀ ਮੇਰੇ ਸਾਹਮਣੇ ਨਾ ਆ ਸਕਿਆ। (34) ਮੈਨੂੰ ਸਖ਼ਤ ਅਫ਼ਸੋਸ ਹੈ ਕਿ ਜੇ ਕਦੇ ਮੈਂ ਨਾਹਰ ਖ਼ਾਂ ਵਾਂਗ ਉਸ ਨੂੰ ਵੇਖ ਲੈਂਦਾ ਤਾਂ ਜ਼ਰੂਰ ਇਕ ਤੀਰ ਉਸ ਦੀ ਭੇਟਾ ਕਰ ਦਿੰਦਾ, ਪਰ ਉਹ ਬੇ-ਗੈਰਤ ਬੰਦਾ ਮੇਰੇ ਸਾਹਮਣੇ ਨਾ ਆਇਆ। (35)

ਗੁਰੂ ਗੋਬਿੰਦ ਸਿੰਘ ਜੀ ਇਸ ਜ਼ਫ਼ਰਨਾਮੇ ਅੰਦਰ ਚਮਕੌਰ ਦੀ ਜੰਗ ਦਾ ਦ੍ਰਿਸ਼ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਦੋਹਾਂ ਪਾਸਿਆਂ ਤੋਂ ਤੀਰਾਂ ਤੇ ਗੋਲੀਆਂ ਦੀ ਇੰਨੀ ਵਰਖਾ ਹੋਈ ਕਿ ਮੈਦਾਨੇ-ਜੰਗ ਇਨਸਾਨ ਦੇ ਲਹੂ ਨਾਲ ਲਾਲ ਫੁੱਲਾਂ ਵਾਂਗ ਰੰਗਿਆ ਗਿਆ। (37) ਕੱਟੇ ਵੱਢੇ ਸਿਰਾਂ ਅਤੇ ਪੈਰਾਂ ਦਾ ਇੰਨਾ ਢੇਰ ਲਗ ਗਿਆ ਮਾਨੋਂ ਮੈਦਾਨ ਵਿਚ ਗੇਂਦ-ਬੱਲਿਆਂ ਦਾ ਢੇਰ ਲਾਇਆ ਗਿਆ ਹੋਵੇ। (38) ਜੰਗ ਵਿਚ ਮਾਰੂ ਤੀਰਾਂ ਨੇ ਉਹ ਤੜਥੱਲ ਮਚਾਇਆ ਕਿ ਵੱਡੇ ਵੱਡੇ ਬਹਾਦਰਾਂ ਦੇ ਹੋਸ਼ ਵੀ ਗੁੰਮ ਹੋ ਗਏ। (40)

ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਨੂੰ ਆਪਣਾ ਆਦਰਸ਼ ਦਸਦੇ ਹੋਏ ਕਹਿੰਦੇ ਹਨ ਕਿ :—

"ਚਿ ਕਸਮੇਂ ਕਰਾਂ ਮਨ ਕੁਨਮ ਐਤਬਾਰ।
ਵਗਰਨਹ ਤੁਗੋਈਮਨਈਂ ਰਾਹ ਕਿਹਕਾਰ॥"

(ਭਾਵ ਜਦ ਤੇਰੇ ਸਰਦਾਰਾਂ ਨੇ ਬਚਨ ਭੰਗ ਕਰਕੇ ਮੇਰੇ ਉਪਰ ਤੀਰ ਵਰਸਾਉਣੇ ਸ਼ੁਰੂ ਕਰ ਦਿੱਤੇ ਤਾਂ ਮੈਂ ਤੇਰੀਆਂ ਸੁਗੰਧਾਂ ਦਾ ਕੀ ਇਤਬਾਰ ਕਰਦਾ, ਮੈਨੂੰ ਮਜਬੂਰਨ ਜੰਗ ਲੜਨੀ ਪਈ। ਜਦੋਂ ਤਰੇ ਸਰਦਾਰਾਂ ਨੇ ਸੁਗੰਧਾਂ ਤੋੜ ਕੇ ਮੇਰੇ ਉੱਪਰ ਹਮਲਾ ਕਰ ਦਿੱਤਾ, ਨਹੀਂ ਤਾਂ ਮੈਨੂੰ ਲੜਨ ਦੀ ਕੀ ਲੋੜ ਸੀ।)

"ਬ ਲਾਚਾਰਗੀ ਦਰਮਿਯਾ ਆਮਦਮ।
ਬਤਦਬੀਰ ਤੀਰੋਂ ਤੁਫੰਗ ਆਮਦਮ॥"

(ਭਾਵ ਮਜਬੂਰ ਹੋ ਕੇ ਮੈਨੂੰ ਜੰਗ ਕਰਨੀ ਪਈ। ਜਦੋਂ ਤੇਰੇ ਫ਼ੌਜੀ ਮੈਨੂੰ ਵਾਰ ੨ ਤੰਗ ਕਰਦੇ ਰਹੇ, ਇਸੇ ਲਈ ਮੈਂ ਵੀ ਉਨ੍ਹਾਂ ਦਿਆਂ ਤੀਰਾਂ ਤਲਵਾਰਾਂ ਦਾ ਜਵਾਬ ਤੀਰਾਂ ਤਲਵਾਰਾਂ ਵਿਚ ਹੀ ਦਿੱਤਾ ਹੈ।)

'ਜ਼ਫ਼ਰਨਾਮਾ' ਗੁਰੂ ਗੋਬਿੰਦ ਸਿੰਘ ਜੀ ਦੇ ਉਸ ਧਾਰਮਿਕ ਉਦੇਸ਼ ਆਦਰਸ਼ਾਂ ਦੀ ਦ੍ਰਿੜ੍ਹਤਾ ਅਤੇ ਇਖ਼ਲਾਕ ਦੀ ਉੱਚਤਾ ਨੂੰ ਪ੍ਰਗਟ ਕਰਦਾ ਹੈ। ਜਿਸ ਸਦਕਾ ਗੁਰੂ ਜੀ ਜਿੱਤ ਹਾਰ ਦੀ ਅਭਿੱਜਤਾ ਅੰਦਰ ਮਸਤ ਰਹਿੰਦੇ ਹੋਏ ਮੁਗਲਾਂ ਦੇ ਜ਼ੁਲਮ ਸ਼ਾਹੀ ਰਾਜ ਨੂੰ ਖ਼ਤਮ ਕਰਨਾ ਚਾਹੁੰਦੇ ਸਨ। 'ਜ਼ਫ਼ਰਨਾਮਾ' ਸੰਸਾਰ ਦੇ ਸਾਹਿਤ ਵਿਚ ਹੱਕੇ-ਆਵਾਜ਼ ਦੀ ਮੂੰਹੋਂ ਬੋਲਦੀ ਤਸਵੀਰ ਹੈ। ਜਿਸ ਅੰਦਰ ਗੁਰੂ ਜੀ ਦਾ ਉੱਚ ਇਰਾਦਾ ਚੜ੍ਹਦੀ ਕਲਾ ਵਿਚ ਵਿਚਰਦਾ ਹੋਇਆ ਸਾਨੂੰ ਸਾਫ਼ ਦਿਖਾਈ



www.AKJ.Org

ਹੋ ਜਾਂਦਾ ਹੈ ।

'ਜ਼ਫਰਨਾਮਾ' ਵਿਚੋਂ ਸਾਨੂੰ ਬੀਰ-ਰਸ, ਕਰੁਣਾ-ਰਸ ਰੁਧਰ-ਰਸ, ਉਪਮਾ ਅਤੇ ਦ੍ਰਿਸ਼ਟਾਂਤ ਅਲੰਕਾਰ ਮਿਲਦੇ ਹਨ । ਪਹਿਲੇ ਬਾਰਾਂ ਸ਼ੇਅਰਾਂ ਵਿਚ ਨਿਰੰਕਾਰ ਜੀ ਦੀ ਉਸਤਤ ਕੀਤੀ ਗਈ ਹੈ । ਉਸ ਤੋਂ ਬਾਅਦ ਔਰੰਗਜ਼ੇਬ ਦਾ ਆਚਰਣ ਪੇਸ਼ ਕਰ ਕੇ ਉਸ ਨੂੰ ਉਸ ਦੀਆਂ ਗ਼ਲਤ ਕਾਰਵਾਈਆਂ ਤੋਂ ਜਾਣੂ ਕਰਵਾਇਆ ਗਿਆ ਹੈ । ਆਨੰਦਪੁਰ ਅਤੇ ਚਮਕੌਰ ਦੀ ਗੜ੍ਹੀ ਦੀ ਜੰਗ ਦੇ ਵੀ ਕੁਝ ਹਵਾਲੇ ਦਿੱਤੇ ਹਨ । ਅੰਤ ਆਪਣਾ ਦ੍ਰਿੜ੍ਹ ਇਰਾਦਾ ਦਸਦਿਆਂ ਹੋਇਆਂ ਔਰੰਗਜ਼ੇਬ ਨੂੰ ਕਹਿਆ ਹੈ ਕਿ, "ਤੂੰ ਇਸ ਸੰਸਾਰ ਦਾ ਮਾਣ ਨਾ ਕਰ । ਇਹ ਜੱਗ ਇਕ ਸਰਾਂ ਹੈ । ਸਭ ਨੇ ਆਪੋ ਆਪਣੀ ਵਾਰੀ ਚਲੇ ਜਾਣਾ ਹੈ । ਇਸ ਲਈ ਤੂੰ ਗਾਫ਼ਲ ਨਾ ਹੋ । (107) ਜੇ ਤੂੰ ਆਪ ਰਾਜ ਸਦਕਾ ਸ਼ਕਤੀ-ਸ਼ਾਲੀ ਹੈਂ ਤਾਂ ਗ਼ਰੀਬਾਂ ਦਾ ਦਿਲ ਨਾ ਦੁਖਾ । (109) ਔਰੰਗਜ਼ੇਬ ! ਤੂੰ ਇਸ ਗੱਲ ਨੂੰ ਯਾਦ ਰੱਖ ਕਿ ਜਿਸ ਦਾ ਖੁਦ ਪ੍ਰਮਾਤਮਾਂ ਹੀ ਮਿੱਤਰ ਹੋਵੇ ਦੁਸ਼ਮਨ ਉਸ ਦਾ ਕੁਝ ਵੀ ਵਿਗਾੜ ਨਹੀਂ ਸਕਦਾ । ਭਾਵੇਂ ਉਹ ਸੌ ਵਾਰ ਦੁਸ਼ਮਨੀ ਕਰਦਾ ਰਹੇ । ਪ੍ਰਭੂ ਦੀ ਮਿਹਰ ਸਦਕਾ ਉਹ ਉਸ ਦਾ ਵਾਲ ਵਿੰਗਾ ਨਹੀਂ ਕਰ ਸਕੇਗਾ । (110) ਤੂੰ ਮੈਨੂੰ ਮਾਰਨ ਅਤੇ ਮੇਰੇ ਪ੍ਰਵਾਰ ਨੂੰ ਖ਼ਤਮ ਕਰਨ ਦੀ ਕੋਈ ਵੀ ਕਸਰ ਬਾਕੀ ਨਹੀਂ ਛੱਡੀ, ਪਰ ਮੈਂ ਪ੍ਰਮਾਤਮਾਂ ਦੀ ਮੇਹਰ ਸਦਕਾ ਤੇਰੀਆਂ ਹਰ ਚਾਲ-ਬਾਜ਼ੀਆਂ ਤੋਂ ਬਚਦਾ ਰਿਹਾ ਹਾਂ । ਔਰੰਗਜ਼ੇਬ ਜੇ ਤੈਨੂੰ ਆਪਣੀ ਸਲਤਨਤ ਅਤੇ ਧਨ ਦੌਲਤ ਉੱਪਰ ਹੰਕਾਰ ਹੈ ਤਾਂ ਮੈਨੂੰ ਆਪਣੇ ਇਕ ਪ੍ਰਮਾਤਮਾਂ ਦਾ ਆਸਰਾ ਹੈ । (106) ਜੇ ਤੈਨੂੰ ਆਪਣੀ ਫ਼ੌਜ ਸੋਨੇ ਅਤੇ ਹੋਰ ਸਾਜ਼ੋ-ਸਾਮਾਨ ਦਾ ਮਾਣ ਹੈ ਤਾਂ ਮੈਨੂੰ ਮੇਰੇ ਪ੍ਰਮਾਤਮਾਂ ਉੱਪਰ ਮਾਣ ਹੈ (105) ।

'ਜ਼ਫਰਨਾਮਾ' ਗੁਰੂ ਗੋਬਿੰਦ ਸਿੰਘ ਜੀ ਵੱਲੋਂ ਲਿਖੀ ਗਈ ਇਕ ਉਹ ਪੱਤ੍ਰਕਾ ਹੈ, ਜਿਸ ਅੰਦਰ ਸੱਤ ਦੀ ਜਿੱਤ ਅਸੱਤ ਦੀ ਹਾਰ ਨੂੰ ਬੜੇ ਸੋਹਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਇਸ ਨੂੰ ਅਸੀਂ ਹੱਕੋ-ਆਵਾਜ਼ ਦੀ ਨਿਰਭੈਤਾ ਭਰੀ ਰਚਨਾ ਆਖ ਸਕਦੇ ਹਾਂ ।

---

## ਅਨੰਦ ਕਾਰਜ

ਸ: ਹਰਭਜਨ ਸਿੰਘ ਜੀ ਕੁਰਾਲੀ ਵਾਲੇ ਦੀ ਬੀਬੀ ਮਨਜੀਤ ਕੌਰ ਦਾ ਸ਼ੁਭ ਅਨੰਦ ਕਾਰਜ ਗੁਰਮਤ ਅਨੁਸਾਰ ਹੋਇਆ । ਧਰਮ ਕਾਰਜਾਂ ਲਈ ਦਿਤੀ ਮਾਇਆ ਵਿਚੋਂ ਗਿਆਰਾਂ ਦਮੜੇ ਸੂਰੇ ਲਈ ਆਏ ।



www.AKJ.Org

# ਇਨ ਗਰੀਬ ਸਿਖਨ ਕੋ ਦੇਊਂ ਪਾਤਸ਼ਾਹੀ

(ਵਲੋਂ ਗਿਆਨੀ ਗੁਰਦਿਤ ਸਿੰਘ ਸੰਪਾਦਕ 'ਪ੍ਰਕਾਸ਼' ਪਟਿਆਲਾ)

'ਜਿਨ ਕੀ ਜਾਤ ਔਰ ਕੁਨ ਮਾਹੀਂ ॥
ਸਰਦਾਰੀ ਨ ਭਈ ਕਦਾਹੀਂ ॥
ਤਿਨਹੀ ਕੋ ਸਰਦਾਰ ਬਨਾਵੇਂ ॥
ਤਬੈ ਗੋਬਿੰਦ ਸਿੰਘ ਨਾਮ ਕਹਾਵੇਂ ॥
(ਪੰਥ ਪ੍ਰਕਾਸ਼)

ਇਤਿਹਾਸਕਾਰਾਂ ਦਾ ਕਥਨ ਹੈ: ਦਸਮੇਸ਼ ਜੀ ਇਕ ਦਿਨ ਸੋਚੀਂ ਪੈ ਗਏ :—

ਇਕ ਅਕਾਲ ਧਯਾਨ ਵਿਖੈ ਗੁਰ,
ਰੈਣ ਦਿਨਸ ਰਹੇ ਲਿਵ ਲਾਏ ॥
ਨਹਿ ਬਿਹਾਰ ਕਹੇ ਸੁਨਹੈ,
ਦ੍ਰਿਢ ਏਕੱਤ ਸਤੱਤ ਮਤੱਤ ਰਹਾਏ ।
(ਪੰਥ ਪ੍ਰਕਾਸ਼)

ਇਹ ਸੋਚਾਂ ਸਨ ਕਿ ਲੋਚਾਂ, ਜਾਂ ਲੋਚਾਂ ਤੇ ਸੋਚਾਂ ਦੋਵੇਂ ਇਕੱਠੀਆਂ ਹੀ ? ਜਾਂ ਜੀ ! ਤੀਜਾ ਗੰਭੀਰ ਚਿੰਤਨ ਵੀ ਨਾਲ ਸ਼ਾਮਲ ਸੀ । ਕਲਪਨਾ ਦੇ ਕਸੇ ਕਸਾਏ ਘੜੇ ਨੀਲੇ ਦੇ ਸ਼ਾਹ ਸਵਾਰ ਦੀ ਉਡੀਕ ਵਿਚ ਸਾਹਮਣੇ ਹਿਣ ਹਿਣਾ ਰਹੇ ਸੀ, ਕਿ ਕਦੋਂ ਇਸ ਮਹਾਂ ਕਲਾਕਾਰ ਦਾ ਸੂਖਮ ਸਰੂਪ ਸਾਡੇ ਤੇ ਸਵਾਰੀ ਕਰੇ, ਆਪਣੀ ਦਿੱਤ ਛੋਹ ਦੇਵੇ, ਸਾਡਾ ਰੂਪ ਸਾਕਾਰ ਹੋ ਜਾਵੇ । ਅਸੀਂ ਅਮਰ ਹੋ ਵੰਞੀਏ, ਜੀਵਨ-ਬਖ਼ਸ਼ ਛੋਹ ਦੀ ਇਕ ਲਿਸ਼ਕ ਮਾਤਰ ਦੀ ਝਿਲਮਿਲਾਹਟ, ਸਦੀਵੀ ਪ੍ਰਕਾਸ਼-ਖੰਡ ਦਾ ਰੂਪ ਧਾਰਨ ਕਰ ਲਵੇ । ਅਮਰ ਜੋਤ ਦੀਆਂ ਕਾਂਗਾਂ ਦੇ ਹੜ੍ਹਾਂ ਦੇ ਹੜ੍ਹ ਉਠਣ, ਮਨੁੱਖਤਾ ਸ਼ਕਤੀ ਦਾ ਸ਼ਹੁ ਸਾਗਰ ਬਣ ਜਾਵੇ । 'ਗੁਰੂ ਪੰਥ' ਦੇ ਸਿਰਜਨ ਤੇ ਪਿਛੇ ਹੋਰ ਹੈ ਕੀ ਚੀਜ਼ ਇਸ ਤੋਂ ਸਿਵਾਇ ਕਿ ਇਕ ਅਕਾਲ ਅਮਰ ਚੀਜ਼ ਸਾਕਾਰ ਕਰ ਦਿੱਤੀ ਜਾਵੇ ।

ਨੀਲੇ ਘੋੜੇ ਵਾਲੇ ਗੁਰੂ ਜੀ ਹਰ ਮੈਦਾਨ ਦੇ ਸ਼ਾਹ ਸਵਾਰ ਸਨ । ਆਖਦੇ ਹਨ ਅਰੂਪ ਦੇਸ਼ ਵਿਚ ਰੂਹਾਂ ਰਿਸ਼ਮਾਂ ਦੀਆਂ ਹੁੰਦੀਆਂ ਹਨ, ਉਹ ਰੂਹਾਨੀ ਮੰਡਲਾਂ ਦੇ ਗਗਨਾਂ ਦੇ ਉਡਾਰੂ ਸਨ । ਉਹਨਾਂ ਨੇ ਸੁੰਦਰ ਸਜੀਲੀਆਂ ਸੋਚਾਂ ਦੇ ਘੋੜਿਆਂ ਦੇ ਮੂੰਹ 'ਚ ਲਗਾਮਾਂ ਦਿੱਤੀਆਂ । ਥਾਪੀ ਮਾਰੀ, ਉਡਾਰੀ ਲਾਈ ਤੇ ਆਪਣਾ ਸੂਖਮ ਸਰੀਰ ਇਹਨਾਂ ਸੱਚ-ਮੁੱਚੀ ਦੀਆਂ ਕਲਪਨਾਂ ਦੇ ਹਵਾਈ ਘੋੜਿਆਂ ਦੀਆਂ ਪਿੱਠਾਂ ਉਤੇ ਸਜਾ ਲਿਆ। ਔਹ ਗਏ ! ਔਹ ਗਏ ! ਅਨੂਪਮ ਦ੍ਰਿਸ਼ਾਂ ਵਿਚ ਦ੍ਰਿਸ਼ਟੀ-ਵਾਨ ਜਾ ਹੋਏ । ਸਚਾ ਦੇ ਘੜ ਅੜੀ ਪਲ ਵਿਚ ਜਿਵੇਂ ਸਸਾਰ ਦਾ ਚੱਕਰ ਲਗਾ ਆਏ ਹੋਣ । ਪਰ ਇਹ ਤਾਂ ਸਿੱਧੀਆਂ ਅਰਸ਼ੀ ਉਡਾਨਾਂ ਸਨ, ਸੋਚਾਂ ਦੇ ਘੋੜੇ ਹਫ਼ ਕੇ ਰਹਿ ਖੜੋਤੇ । ਦੀਨਤਾ ਦੀ ਜਿੱਲ੍ਹਣ ਵਿਚ ਜਿਵੇਂ ਉਨ੍ਹਾਂ ਦੇ ਝਾਂਜਰਾਂ ਮੜ੍ਹੇ ਸੁੰਮ ਘੋੜਿਆਂ ਤਕ ਧਸਦੇ ਜਾ ਰਹੇ ਹਣ, ਹੋਰ ਥੱਲੇ, ਹੋਰ ਡੂੰਘ ਥੱਲੇ ਵਲ ਨਿੱਘਰ ਰਹੇ ਹੋਣ, ਜਿਵੇਂ ਇਕ ਪੁਕਾਰ ਪੈ ਰਹੀ ਹੋਵੇ :—

'ਮੋਹ ਕੀਚੜ ਫਾਥੈ, ਨਿਘਰਤ ਹਮਜਾਤੇ,
ਗੁਰ ਬਾਹ ਪਕੜ ਕਢੋ ਲੇਵਹੁ ਰਾਮ ।'



www.AKJ.Org

ਉਫ਼ ! ਕਿੰਨੀ ਜਹਾਲਤ ਹੈ, ਕਿੰਨੀ ਜਲਾਲਤ ਹੈ, ਕਿੰਨੀ ਗੁਲਾਮੀ ਹੈ, ਕਿੰਨੀ ਹੀਣਤਾ ਹੈ ਤੇ ਕਿੰਨੀ ਦੀਨਤਾ ਹੈ। ਕੀ ਇਹੋ ਮਨੁੱਖ ਜਾਤੀ ਹੈ, ਜਿਸ ਨੇ ਸਾਰੀਆਂ ਜੂਨਾਂ ਉਤੇ ਸਿਕਦਾਰੀ ਦੀ ਧੌਂਸ ਜਮਾਉਣੀ ਹੈ ? ਨਹੀਂ। ਇਹ ਤਾਂ ਹੋਰ ਜੂਨਾਂ ਨਾਲੋਂ ਵੀ ਨਿੱਘਰਿਆ ਹੋਇਆ ਪ੍ਰਾਣੀ ਹੈ। ਬਸ ਫ਼ਰਕ ਇਤਨਾ ਹੀ ਹੈ ਕਿ ਉਹ ਜੂਨਾਂ ਆਪਣੀ ਜੂਨੀ ਕਟ ਰਹੀਆਂ ਹਨ, ਮਨੁੱਖ ਆਪਣੀ ਜੂਨ ਭੋਗ ਰਿਹਾ ਹੈ। ਹੋਰ ਜੂਨਾਂ ਮੰਜ਼ਲ ਵਲ ਵੱਧ ਰਹੀਆਂ ਹਨ। ਮਨੁੱਖ ਸੁੰਦਰ ਦੇਹੀ ਤੇ ਵਿਲੱਖਣ ਸੂਝ ਪਾ ਕੇ ਵੀ ਮੰਜ਼ਲ ਤੋਂ ਰਸਾਤਲ ਵਲ ਨੂੰ ਵੱਧ ਰਿਹਾ ਹੈ ਤੇ ਭਾਰਤੀ ਮਨੁੱਖ ਤਾਂ ਹੋਇਆ ਨਿਰੀ ਮੋਇਆਂ ਦੀ ਮਿੱਟੀ। ਉਠੋ ਭਾਈ ਜਾਗੋ !' ਦਸਤਕ ਵਜ ਰਹੀ ਹੈ। ਕੀ ਸੁਣਿਆ ਨਹੀਂ—'ਇਥੋਂ ਛੁਟਕਿਆ ਠਉਰ ਨਾ ਕਾਈ।' ਕੁਝ ਉਭਰਨ ਦਾ ਯਤਨ ਕਰੋ ਤੇ 'ਕਬਹੂ ਸੁਚਿਤ ਹੋਇ ਜਾਗੋ। ਮੋਇਆਂ ਲਈ ਜਾਗਣ ਦਾ ਸੁਨੇਹਾ ਆ ਗਿਆ ਹੈ।

ਹਾਂ ਜੀ ! ਦਸ਼ਮੇਸ਼ ਜੀ ਮਹਾਨ ਚਿੰਤਕ ਸਨ, ਸੋਚਾਂ ਦੀਆਂ ਘੁੰਤਰਾਂ ਉਲਝਾਉਣ ਤੇ ਫਿਰ ਖੋਲਣ ਵਾਲੇ ਚਿੰਤਕਾਂ ਜਿਹੇ ਨਹੀਂ, ਜੋ ਸੋਚਾਂ ਦੇ ਜੋੜੇ ਜਾਮੇ ਦੀ ਉਧੇੜ ਬੁਣ ਵਿਚ ਹੀ ਲੱਗੇ ਰਹਿੰਦੇ ਹਨ। ਗੁਰੂ ਜੀ ਆਚਾਰ ਤੇ ਵਿਉਹਾਰ ਨੂੰ ਮਿਲਾਉਣ ਵਾਲੀਆਂ ਸੋਚਾਂ ਵਾਲੇ ਬਲਕਾਰੀ ਚਿੰਤਕ ਸਨ। ਉਚੇ ਤੇ ਮਹਾਨ ਆਦਰਸ਼ਾਂ ਨੂੰ ਜ਼ਿੰਦਗੀ ਦੇ ਅਮਲੀ ਖੇਤਰ ਵਿਚ ਉਤਾਰਨ ਵਾਲੇ ਚਿੰਤਕ। ਉਨ੍ਹਾਂ ਦੀ ਦ੍ਰਿਸ਼ਟੀ ਨੇ ਦੁਨੀਆਂ ਵਿਚ ਕੀ ਨਹੀਂ ਦੇਖਿਆ ? ਪਰ ਸਭੋ ਕੁਝ ਹੈ ਕੀ ਸੀ ? ਇਕ ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲ ਰਹੀ ਹੈ। ਆਪਣੀ ਸ਼੍ਰੇਣੀ ਦੇ ਹੀ ਜੀਵ ਦੂਜਿਆਂ ਨੂੰ ਨਿਘਾਰ ਰਹੇ ਹਨ। ਵੱਡੇ ਮਨੁੱਖ ਛੋਟੇ ਮਨੁੱਖਾਂ ਦੇ ਖ਼ੂਨ ਚੂਸ ਰਹੇ ਹਨ। ਅਖੇ ਇਹ ਵੀ ਇਕ ਕੁਦਰਤੀ ਨਿਯਮ ਹੈ, ਇਕ ਧਰਮ ਹੈ। ਜ਼ੋਰਾਵਰ ਜੋ ਚਾਹੁਣ ਕਰ ਸਕਦੇ ਹਨ, ਕਰਵਾ ਸਕਦੇ ਹਨ। ਤਾਕਤ ਨਾਲ ਬੰਦੇ ਪਸ਼ੂਆਂ ਵਾਂਗ ਵਰਤੇ ਜਾ ਸਕਦੇ ਹਨ।

ਇਹ ਵੱਡੇ ਛੋਟੇ ਦੀ ਗੋਂਦ ਕੈਸੀ ਭਿਆਨਕ ਹੈ ? ਭੇਡਾਂ ਦੇ ਇਜੜ ਇਕ ੨ ਬਘਿਆੜ ਅਗੇ ਲਾ ਟੁਰਦਾ ਹੈ, ਚਿੜੀਆਂ ਦੀਆਂ ਡਾਰਾਂ ਨੂੰ ਇਕੋ ਬਾਜ਼ ਦਹਿਸ਼ ਨਹਿਸ਼ ਕਰ ਦਿੰਦਾ ਹੈ, ਖ਼ੂਨ ਪੀ ਜਾਂਦਾ ਹੈ, ਪਰ ਇਹ ਗੱਲਾਂ ਤਾਂ ਹੈਵਾਨੀ ਖੇਤਰ ਦੀਆਂ ਹਨ। ਇਨਸਾਨੀਅਤ ਵਿਚ ਇਹ ਹੈਵਾਨੀਅਤ ਏਨੀ ਹਾਵੀ ਕਿਵੇਂ ਹੋ ਗਈ ? ਪਰ ਏਥੇ ਤਾਂ ਇਸ ਹੈਵਾਨੀਅਤ ਉਤੇ ਇਨਸਾਨ, ਅਭਿਮਾਨ ਵੀ ਕਰ ਰਹੇ ਹਨ ਕਿ ਉਹ ਇਨਸਾਨਾਂ ਨੂੰ ਹੈਵਾਨ ਸਮਝਣ, ਉਨ੍ਹਾਂ ਤੋਂ ਹੈਵਾਨਾਂ ਵਾਂਗ ਬਗਾਰਾਂ ਜਿਹਾ ਕਾਰਨਾਮਾ ਵੀ ਮਨੁੱਖ ਦਾ ਸ਼੍ਰੋਮਣੀ ਚਮਤਕਾਰ ਸਮਝਿਆ ਜਾਂਦਾ ਹੈ। ਰਤਾ ਕੁ ਸਤਾ, ਸ਼ਕਤੀ ਜਾਂ ਪਦਵੀ ਪਾ ਕੇ ਮਨੁੱਖ ਕਿਵੇਂ ਅੰਨ੍ਹਾਂ ਬੋਲਾ ਹੋ ਜਾਂਦਾ ਹੈ ? ਕਿਵੇਂ ਅਸਲਾ ਭੁੱਲ ਜਾਂਦਾ ਹੈ ਕਿ ਸਭ ਮਨੁੱਖ ਕੁਦਰਤ ਦੇ ਇਕ ਨੂਰ ਤੋਂ ਪੈਦਾ ਹੋਏ ਹਨ। ਉਹਨਾਂ ਹੀ ਤੱਤਾਂ ਦੀਆਂ ਸਭ ਸਿਰਜਨਾਂ ਹਨ। ਲੱਖਾਂ ਕਰੋੜਾਂ ਲੋਕ ਬੁੱਧ-ਬਲ ਹੁੰਦਿਆਂ ਵੀ ਕਿਵੇਂ ਜਾਬਰਾਂ ਦੇ ਅਗੇ ਗੋਡਿਆਂ ਪਰਨੇ ਹੋ ਹੋ ਚਲਦੇ ਹਨ। ਨਾ ਬਲ ਹੈ, ਨਾਂ ਤਰਾਣ ਹੈ, ਨਾ ਸੋਚ ਹੈ ਨਾ ਹੀ ਇਸ ਚਿਕੜ ਤੋਂ ਉਭਰਨ ਦੀ ਕੋਈ ਲੋਚਾ, ਨਿਰੋਲ ਅੰਧਕਾਰ। ਜਿਥੇ ਕਿਸੇ ਦਾ ਕੋਈ ਵੀ ਅਧਿਕਾਰ ਨਹੀਂ। ਅਜੀਬ ਮਰੋੜੀ ਹੈ ਏਸ ਸਮਾਜਕ ਬੰਧਨ ਦੀ। ਕਿੰਨੀ ਸਖ਼ਤ ਗੰਢ ਹੈ ਇਸ ਮੂਰਖਤਾ ਦੀ। ਜਾਬਰਾਂ ਦੇ ਪਸਾਰੇ ਜਾਲ ਵਿਚ ਤੇ ਕੁਝ ਮਨੁੱਖ ਜਾਤੀ ਦੇ ਆਪ ਸਿਰਜੇ ਮਕੜੀ ਜਾਲੇ ਜਿਹੇ ਯਤਨਾਂ ਵਿਚ ਹੀ ਫਸ ਜਾਣ ਦੀ। ਦਸ਼ਮੇਸ਼ ਜੀ ਸੋਚਦੇ ਰਹੇ, ਵਿਚਾਰਦੇ ਰਹੇ। ਮਨੁੱਖ ਦਾ ਬੁੱਧੀ ਬਲ ਕਿਵੇਂ ਜਾਗੇ, ਕਿਵੇਂ ਸਾਹਸ ਪੈਦਾ ਹੋਵੇ, ਮੁਰਦਾ ਲੋਥਾਂ ਜਿਹਾ ਪ੍ਰਾਣੀ ਕਿਵੇਂ ਸਮਝੇ ਕਿ ਮੈਂ ਵੀ



www.AKJ.Org

ਮਨੁੱਖ ਹਾਂ। ਮੇਰੇ ਵਿਚ ਵੀ ਕੋਈ ਜੀਵਨ ਕਣੀ ਹੈ। ਨਹੀਂ ! ਨਹੀਂ !! ਮੇਰੇ ਅੰਦਰ ਸੱਚੇ ਦੀ ਜੋਤ ਵੀ ਹੈ। ਮੈਂ ਵੀ ਮਨੁੱਖੀ ਜੀਵਨ ਵਿਕਾਸ ਦੇ ਕਾਰਜ ਵਿਚ ਕੁਝ ਹਿੱਸਾ ਪਾਉਣਾ ਹੈ। ਆਪਣੀ ਮਨੁੱਖਾ ਜਾਤੀ ਨੂੰ ਅਗੇ ਵਧਾਉਣਾ ਹੈ। ਦੁਨੀਆਂ ਵਿਚ ਸੇਵਾ ਕਰਨੀ ਹੈ ਤੇ ਅਗੇ ਉਸ ਕਾਰਨ ਥਾਂ ਬਣਾਉਣੀ ਹੈ :

'ਵਿਚ ਦੁਨੀਆਂ ਸੇਵ ਕਮਾਈਐ।
ਤਾਂ ਦਰਗਹਿ ਬੈਸਣ ਪਾਈਐ।
ਕਹੁ ਨਾਨਕ ਬਾਹ ਲੁਡਾਈਐ।

ਬਾਹਾਂ ਦੇ ਹੁਲਾਰਿਆਂ ਨਾਲ ਏਥੇ ਤੇ ਓਥੇ ਚਲਣਾ ਹੈ, ਵਿਚਰਨਾ ਹੈ। ਥਾਂ ਬਣਾਉਣੀ ਹੈ।

ਰਾਜਿਆਂ ਨੂੰ ਰੰਕ ਤੇ ਰੰਕਾਂ ਨੂੰ ਰਾਜੇ ਬਣਾਉਣ ਦੇ ਸੁਪਨੇ ਸੱਚ ਕਰ ਦਿਖਾਉਣ ਵਾਲੇ ਗੁਰੂ ਜੀ ਸੋਚਦੇ ਰਹੇ, ਇਹ ਮੁਰਦਾ ਹੋਏ ਭਾਰਤੀ ਲੋਕਾਂ ਦੇ ਹੱਡ-ਮਾਸ ਵਿਚ ਕਿਵੇਂ ਜੀਵਨ ਕਣ ਸਿੰਚਾਰੇ ਜਾਣ, ਕਿਵੇਂ ਇਹ ਦਲਤ ਲੋਕ ਉਭਾਰੇ ਜਾਣ ? ਕਾਦਰ ਦੀ ਕਰਤਾਰੀ ਸ਼ਕਤੀ ਮਨੁੱਖਤਾ ਵਿਚੋਂ ਕਿਵੇਂ ਜਾਗ੍ਰਿਤ ਕੀਤੀ ਜਾਵੇ। ਜੋ ਹੋਰਨਾਂ ਨੂੰ ਵੀ ਜਗਾਏ ਦੇਸ਼-ਦੇਸ਼ਾਂਤਰਾਂ ਤਕ ਆਪਣੀ ਰੌਸ਼ਨੀ ਫੈਲਾਏ। ਮਨੁੱਖਤਾ ਨੂੰ ਹੁਲਸਾਏ। ਸਭ ਮਨੁੱਖ ਦੀਵਾਲੀ ਦੇ ਦੀਵਿਆਂ ਵਾਂਗ ਕਿਵੇਂ ਇਕੋ ਵਾਰ ਮੱਚ ਉਠਣ, ਰੂਹਾਨੀ ਲਾਲੀ ਦੇ ਰੰਗਾਂ ਵਿਚ ਭੱਖ ਉਠਣ, ਤੇ ਰੂਹ ਦੀ ਅਗ ਨਾਲ ਭਬਾਕੇ ਮਾਰ ਮਾਰ ਕੇ ਮੱਚਣ। ਮਰਨਾ ਤਾਂ ਸਭਨਾਂ ਨੇ ਹੀ ਹੈ, ਮਰ ਕੇ ਸਾਰ ਹੀ ਮਰਦੇ ਹਨ ਜਾਂ ਗੋਰੀਂ ਜਾ ਪੈਂਦੇ ਹਨ। ਜੀਉਂਦਿਆਂ ਕੋਈ ਉਹੋ ਮਰਦਾ ਹੈ ਜਿਸ ਵਿਚ ਕਹਿਰਾਂ ਦੇ ਜੀਵਨ ਤੱਤ ਹੋਣ। ਅਜਿਹੇ ਲੋਕ ਹੀ ਜੀਉਂਦੇ ਹਨ ਬਾਕੀ ਸਭ ਮਰਦੇ ਰਹਿੰਦੇ ਹਨ, ਜੋ ਮਰ ਕੇ ਜੀਵੇ ਹਨ ਉਨ੍ਹਾਂ ਜੀਉਦਿਆਂ ਨੂੰ ਨਮਸਕਾਰ ਹੈ ਤੇ ਜੋ ਅੱਧ ਮਰੇ ਜੀਉਂਦੀਆਂ ਲੋਥਾਂ ਦੇ ਢੇਰ ਹੀ ਨਿਤ ਮੱਥੇ ਲਗਦੇ ਹਨ। ਖੁਦਾ ਬਖਸ਼ੇ ਇਨ੍ਹਾਂ ਤੋਂ ਪਰ ਇਹ ਅਜਿਹੇ ਜੀਵੰਤ ਹੋ ਜਾਣ ਜੋ ਜੀਵਨ ਦੇ ਮੰਬੇ ਬਣ ਜਾਣ, ਰੋਸ਼ਨੀ ਦੇ ਮੀਨਾਰ ਹੋ ਢੇਝਣ। ਕਿਵੇਂ ਕੋਈ ਬਿਜਲੀ ਦੀ ਕੂੰਦ ਇਨ੍ਹਾਂ ਨੂੰ ਜਗਮਗਾਏ, ਦਸ਼ਮੇਸ਼ ਜੀ ਇਹ ਸੋਚਦੇ ਰਹੇ। ਕਈ ਦਿਨ ਕਈ ਮਹੀਨੇ, ਕਈ ਵਰ੍ਹੇ ਸੋਚਦੇ ਰਹੇ, ਪਰ ਸਮਰਥ ਸ਼ਕਤੀ ਵੀ ਤਾਂ ਇਕ ਮਹਾਨ ਵਸਤੂ ਹੈ ਜੋ ਖਾਲੀਆਂ ਨੂੰ ਭਰ ਦਿੰਦੀ ਹੈ।

'ਛਿਨ ਮਹਿ ਰਾਉ ਰੰਕ ਕਉ ਕਰਹੀ,
ਰਾਉ ਰੰਕ ਕਰ ਡਾਰੇ।
ਰੀਤੇ ਭਰੇ ਭਰੇ ਸਖਨਾਵੈ, ਯਹਿ ਤਾਕੋ ਵਿਵਹਾਰੇ।'

ਪਰ ਇਨ੍ਹਾਂ ਵਿਚਾਰਾਂ ਨੂੰ ਸਾਕਾਰ ਕਰਨ ਲਈ ਕੀਤਾ ਕੀ ਜਾਵੇ ? ਤੇ ਕੀ ਕੁਝ ਹੈ, ਜੋ ਹੁਣ ਤਕ ਕੀਤਾ ਨਹੀਂ ਗਿਆ ? ਜਾਂ ਕਰਨੋਂ ਰਹਿ ਗਿਆ ਹੈ ? ਏਧਰ ਸਾਹਮਣੇ ਲਕਸ਼ ਹੈ ਅਸਮਾਨ ਜੋਡਾ, ਪਰ ਉਸ ਵਲ ਉਠਾਉਣੇ ਤੇ ਫਿਰ ਜਗਮਗਾਉਣੇ ਚਮਕਾਉਣੇ ਹਨ ਮਿੱਟੀ ਦੀ ਰੇਤ ਦੇ ਕਿਣਕੇ। ਮਿੱਟੀ ਦੇ ਮੁਰਦਾ ਕਿਣਕਿਆਂ ਨੂੰ ਏਡੀ ਚੜ੍ਹਾਈ ਲਈ ਕਿਵੇਂ ਤਿਆਰ ਕੀਤਾ ਜਾਵੇ ? ਉਹਨਾਂ ਦੇ ਉਚਾ ਉਠਾਉਣ ਲਈ ਕਿਵੇਂ ਰੂਹ ਉਭਾਰਨੀ ਸ਼ਕਤੀ ਸਿੰਚਾਈ ਜਾਵੇ, ਸਾਧਨ ਸਭ ਸ਼ਕਤੀਵਾਨ ਦੇ ਹੱਥ ਹਨ, ਤੇ ਸ਼ਕਤੀਵਾਨ ਜਾਲਮ ਹਨ, ਮਨੁਖਤਾ ਦੇ ਹਿਤਾਂ ਵਲੋਂ ਮਨਮੁਖ ਹਨ। ਖੂਨ ਚੂਸਣੀਆਂ ਜੋਕਾਂ, ਮਾਸ ਨੋਚਦੀਆਂ ਗਿੱਧਾਂ ਵਾਂਗ। ਇਨ੍ਹਾਂ ਗਰੀਬਾਂ ਦੀਆਂ ਬੋਟੀਆਂ ਕਿਵੇਂ ਇਨ੍ਹਾਂ ਦੇ ਮੂੰਹਾਂ ਵਿਚੋਂ ਨਿਕਲਣ ਇਹ ਸੋਚਾਂ ਭਾਰੂ ਹੁੰਦੀਆਂ ਗਈਆਂ।

ਗੁਰੂ ਪਿਤਾ ਜੀ ਦੇ ਦਿਲੀ ਵਿੱਚ ਸਾਕਾ ਵਰਤਾਉਣ ਦੀ ਯਾਦ ਇਕ ਵਾਰੀ ਫਿਰ ਦਿਲ ਨੂੰ ਟੁੰਬ ਗਈ। ਦਸ਼ਮੇਸ਼ ਫਿਰ ਸੋਚਾਂ ਦੇ ਡੂੰਘੇ ਸਾਗਰ ਵਿਚ ਲਹਿ ਗਏ, ਉਹਨਾਂ ਕਲਗੀ ਇਕ ਪਾਸੇ ਲਾਹ ਰੱਖੀ, ਸ਼ਾਹੀ ਸ਼ਾਹੀ ਸਮਾਨ ਜਿਹੇ ਸਭ ਵਸਤੂਆਂ ਨੂੰ ਵੀ ਪਰੇ ਰੱਖ ਦਿੱਤਾ।



www.AKJ.Org

ਜੜਾਊਆਂ ਹੀਰੇ ਮੋਤੀਆਂ ਦੀਆਂ ਮਾਲਾਂ ਪਰੇ ਵਗਾਹ ਸੁਟੀਆਂ, ਸਭ ਲੋਕਾਂ ਨੂੰ ਦੂਰ ਪਰੇ ਹਟਾ ਦਿੱਤਾ। ਕੋਈ ਮੈਨੂੰ ਮਿਲਣ ਨਾ ਆਵੇ, ਕੋਈ ਬੁਲਾਵੇ ਨਾ। ਜੇ ਕੋਈ ਨੇੜੇ ਆਉਣ ਦਾ ਹੌਸਲਾ ਵੀ ਕਰੇ ਤਾਂ ਅਜੇਹੀ ਘੂਰੀ ਮੱਥੇ ਉਤੇ ਦੇਖੇ ਕਿ, ਕਾਂਪ ਖਾਕੇ ਪਿਛੇ ਪਰਤ ਜਾਵੇ।

ਚੁਗਲ ਖੋਰ ਮਸੰਦਾਂ ਦੇ ਗੱਲ ਰਾਸ ਆਈ, ਭਜੇ ਮਾਤਾ ਗੁਜਰੀ ਜੀ ਪਾਸ ਪੁਜੇ। ਮਾਤਾ ਜੀ ਦੇ ਪਹਿਲਾਂ ਤੋਂ ਹੀ ਸਹਿਮੇ ਹੋਏ ਕੰਨ ਭਰਨੇ ਸ਼ੁਰੂ ਕਰ ਦਿੱਤੇ। ਕੋਈ ਕਹੇ : 'ਮਾਤਾ ਜੀ ! ਗੁਰੂ ਜੀ ਨੂੰ ਦੇਵੀ ਪੁੱਠੀ ਪੈ ਗਈ ਹੈ। ਦੂਜੇ ਕਹਿਣ ਦਿਮਾਗ ਟਿਕਾਣੇ ਨਹੀਂ ਰਿਹਾ। ਦੂਜੀਆਂ ਮਾਤਾਵਾਂ (ਗੁਰੂ ਜੀ ਦੀਆਂ ਪਤਨੀਆਂ) ਕੋਲ ਲੋਕੀ ਜਾਣ, ਮਨ ਦੇ ਵਹਿਮਾਂ ਨਾਲ ਉਨ੍ਹਾਂ ਨੂੰ ਡਰਾਉਣ 'ਮਾਤਾਓ ! ਇਹ ਤਾਂ ਕੁਝ ਹੋਰ ਦਾ ਹੋਰ ਹੀ ਹੋ ਗਿਆ ਹੈ ? ਗੁਰੂ ਜੀ ਦਾ ਚੇਹਰਾ ਵੀ ਬਦਲ ਗਿਆ ਹੈ। ਕੋਈ ਜਾਵੇ ਤਾਂ ਉਹ ਕਿਸੇ ਨੂੰ ਮਿਲਦੇ ਨਹੀਂ, ਜੁਲਦੇ ਨਹੀਂ,ਉਨ੍ਹਾਂ ਦੇ ਨੇੜੇ ਜਾਣ ਤੋਂ ਨੇੜੇ ਦੇ ਸਿਖ ਵੀ ਭੈ ਖਾਂਦੇ ਹਨ। ਇਹ ਪਤਾ ਨਹੀਂ ਕੀ ਉਲਟੀ ਭਾਵੀ ਵੱਗ ਗਈ ਹੈ ?

ਅਨੰਦਪੁਰ ਦੇ ਅਨੰਦ-ਮਈ ਵਾਯੂ ਮੰਡਲ ਵਿਚ ਸਹਿਮ ਛਾ ਗਿਆ। ਲੋਕ ਕਹਿਣ ਕੋਈ ਸਖਤ ਬਾਦਸ਼ਾਹੀ ਪਰਵਾਨਾ ਆਇਆ ਹੋਵੇਗਾ। ਔਰੰਗਜ਼ੇਬੀ ਹੁਕਮ ਕੜੇ ਕਰੜੇ ਚੜ੍ਹ ਚੜ੍ਹ ਆਉਂਦੇ ਹਨ। ਖ਼ਬਰੇ ਜ਼ਾਲਮਾਂ ਨੇ ਵਿੱਚ ਕੀ ਲਿਖਿਆ ਹੋਵੇਗਾ। ਕੋਈ ਕਹੇ ਪਿਤਾ ਦਾ ਸੱਲ ਕਿਥੇ ਥੋੜਾ ਜਿਹਾ ਹੁੰਦਾ ਹੈ, ਓਦੋਂ ਨਿਆਣੇ ਸੀ ਕਰਾਰ ਕਰਕੇ ਝਲ ਗਏ ਹੁਣ ਉਹ ਦੁਖ ਝਲਿਆ ਨਹੀਂ ਜਾ ਰਿਹਾ। ਕੋਈ ਕਹੇ ਨੈਣਾ ਦੇਵੀ ਦੇ ਯੱਗ ਤੇ ਖਰਚ ਵੀ ਤਾਂ ਬਹੁਤਾ ਹੋ ਗਿਆ ਹੈ ਤੇ ਪੱਲੇ ਕੁਝ ਪਿਆ ਨਹੀਂ। ਸਿੱਖ ਕਹਿਣ ਦੇਵੀ ਨੇ ਤਾਂ ਪ੍ਰਗਟ ਕੀ ਹੋਣਾ ਸੀ, ਗੁਰੂ ਜੀ ਹੀ ਗੁਪਤ ਹੋ ਚਲੇ ਨੇ। ਉਧਰ ਦਸ਼ਮੇਸ਼ ਜੀ ਵਿਚਾਰਾਂ ਦੇ ਸਾਗਰ ਵਿੱਚ ਹੋਰ ਡੂੰਘੇ ਲਹਿੰਦੇ ਜਾਣ ਉਹਨਾਂ ਨੂੰ ਮੁੜ ਮੁੜ ਭਾਰਤੀ ਮਨੁੱਤ ਦੀ ਦਸ਼ਾ ਸਤਾਵੇ ਤੇ ਦੁਖਾਵੇ, ਨਾਲੋ ਨਾਲ ਰਹਿਮ ਵੀ ਆਵੇ। ਇਹ ਮਨੁੱਖੀ ਆਤਮਾ ਏਨਾ ਨਿੱਘਰੀ ਕਿਉਂ ਜਾ ਰਹੀ ਹੈ ? ਮਨੁੱਖ ਇਨੇ ਸਤਿਆਹੀਣ ਕਿਉਂ ਹੋ ਗਏ ਹੋ ਗਏ ਹਨ ? ਇਹਨਾਂ ਦੀ ਰੂਹ ਕਿਵੇਂ ਜਾਗੇ ? ਇਹ ਢਹਿੰਦੀਆਂ ਕਲਾਂ ਦੇ ਪਹਾੜਾਂ ਹੇਠੋਂ ਕਿਵੇਂ ਨਿਕਲਣ, ਟੀਸੀਆਂ ਤੇ ਚੜ੍ਹਣ, ਆਪਣੇ ਪੈਰਾਂ ਤੇ ਕਿਵੇਂ ਖੜ੍ਹਣ, ਜ਼ੁਲਮਾਂ ਨਾਲ ਕਿਵੇਂ ਭਿੜਣ ਤੇ ਲੜਣ, ਤੇ ਇਹਨਾਂ ਸਾਹਮਣੇ ਜੋ ਅੜਨ ਉਹ ਕਿਵੇਂ ਝੜਨ ? ਇਹ ਪ੍ਰਬਲ ਸ਼ਕਤੀ ਕਿਥੋਂ ਆਵੇ ? ਕਿਵੇਂ ਆਵੇ ? ਅਜੇਹੀ ਵਸਤੂ ਸ਼ਿੰਚਾਰਨ ਦਾ ਸਾਧਨ ਤਾਂ ਕੋਈ ਕਰਤਾਰੀ ਕਲਾ ਹੀ ਹੋ ਸਕਦੀ ਹੈ, ਜਿਸ ਜੋਤੀ ਦਾ ਅਵੇਸ਼ ਮੇਰੇ ਵਿੱਚ ਅਕਾਲ ਨੇ ਉਤਾਰਿਆ ਹੈ। ਇਹ ਤਾਂ ਉਹੋ ਹੀ ਗੁਰੂ ਜਯੋਤੀ ਦੀ ਸ਼ਕਤੀ ਹੈ ?

ਦਸ਼ਮੇਸ਼ ਜੀ ਸੋਚਦੇ ਰਹੇ, ਵਿਚਾਰਦੇ ਰਹੇ ਤੇ ਸੋਚਦੇ ਵਿਚਾਰਦੇ ਹੋਰ ਲਿਵਲੀਨ ਹੋ ਗਏ।

ਇਕ ਦਿਨ ਵੱਡੇ ਮਾਤਾ (ਗੁਜਰੀ) ਜੀ ਹੌਸਲਾ ਧਾਰ ਕੇ ਆਏ, ਪੁੱਤਰ ਪੁੱਤਰ ਕਰਕੇ ਪਿਆਰ ਕੀਤਾ, ਪਰ ਗੋਬਿੰਦ ਰਾਏ ਜੀ ਨਾ ਰੀਝੇ, ਨਾ ਪਤੀਜੇ, ਮਾਤਾ ਜੀ ਦਾ ਮਨ ਫੜਿਆ ਫੜਿਆ ਗਿਆ, ਨਾ ਜਾਣੀਏ ਕੀ ਗੱਲ ਹੈ ? ਚੜ੍ਹਦੀਆਂ ਕਲਾਂ ਦਾ ਅਵਤਾਰ ਕਿਉਂ ਸੰਚੀਂ ਪੈ ਗਿਆ ਹੈ। ਇਸ ਦੇ ਆਸ ਪਾਸ ਇਤਨਾਂ ਸਹਿਮ ਕਿਉਂ ਛਾਇਆ ਹੋਇਆ ਹੈ ,ਇਤਨੀ ਚੁਪ ਕਿਉ ਹੈ ? ਜ਼ਰੂਰ ਵੈਰੀ ਨੇ ਕਿਧਰੇ ਕੋਈ ਲੂਤੀ ਲਾਈ ਹੋਣੀ ਹੈ। ਦਸਦੇ ਜੂ ਨਹੀਂ, ਬੋਲਦੇ ਜੂ ਨਹੀਂ ? ਖਬਰੇ ਕੀ ਭਾਣਾ ਵਰਤਣ ਵਾਲਾ ਹੈ। ਇਹਨਾਂ ਦੇ ਆਸ ਪਾਸ ਤਾਂ ਸੰਗਤਾਂ ਦੇ ਜਮ ਘਟ ਲਗੇ ਰਹਿੰਦੇ ਸੀ, ਕਦੇ ਕਵੀਆਂ ਦੀਆਂ ਕੋਇਲ-ਕਲੋਲਾਂ ਉਠਦੀਆਂ ਸਨ, ਕਦੇ ਕੀਰਤਨ



www.AKJ.Org

ਦੀਆਂ ਧੁਨਾਂ ਗੂੰਜਦੀਆਂ ਸਨ, ਕਦੇ ਸ਼ਸਤਰ ਵਿਦਿਆ ਦੇ ਠਾਠ ਰਚੇ ਜਾਂਦੇ ਸਨ, ਪਰ ਹੁਣ ਤਾਂ ਇਹ ਬਿਲਕੁਲ ਏਕਾਂਕੀ ਹੋ ਗਏ ਹਨ।

ਮਾਤਾ ਜੀ ਬੋਲੇ, ਪੁੱਤਰ ਜੀ! ਤੁਸੀਂ ਜਦੋਂ ਬੱਚੇ ਸਉ ਤੇ ਗੁਰੂ ਗੱਦੀ ਸੰਭਾਲ ਲਈ। ਅਜੀਤ ਸਿੰਘ ਹੁਣ ਸੁਖ ਨਾਲ ਵਡਾ ਹੋ ਗਿਆ ਹੈ, ਘੋੜਿਆਂ ਤੇ ਚੜ੍ਹਦਾ ਹੈ। ਜੰਗ ਜੁਧ ਲੜਦਾ ਹੈ, ਉਸ ਨੂੰ ਗੁਰਗੱਦੀ ਤਿਲਕ ਆਪਣੇ ਹਥੀਂ ਲਾ ਦੇਵੋ, ਤਾਂ ਤੁਹਾਡਾ ਭਾਰ ਹੌਲਾ ਹੋ ਜਾਵੇਗਾ। ਜੁਆਨ ਪੁੱਤਰ ਕੁਝ ਹੱਥ ਵਟਾਵੇਗਾ। ਜੇ ਉਸ ਨੂੰ ਗਦੀ ਨਹੀਂ ਬਿਠਾਣਾ —'ਜੁਝਾਰ ਸਿੰਘ ਦੇਉ ਟਿਕੈ ਬਹਾਏ।' (ਪ੍ਰਾਚੀਨ ਪੰਥ ਪ੍ਰਕਾਸ਼) ਦੂਜੇ ਛੋਟੇ ਪੁੱਤ ਨੂੰ ਟਿੱਕਾ ਦੇਵੋ ਉਹ ਵੀ ਅੱਛਾ ਸਿਆਣਾ ਹੋ ਗਿਆ ਹੈ, ਹੋਰ ਗੱਲਾਂ ਜੋ ਤੁਸੀਂ ਚਾਹੋ ਕਰ ਲੈਣੀਆਂ, ਪਰ ਇਹਨਾਂ ਨਾਈ, ਛੀਂਬਿਆਂ, ਜੱਟਾਂ ਬੂਟਾਂ, ਤਰਖਾਣਾਂ ਨੂੰ ਆਪਣੇ ਆਖਦੇ ਹੋ, ਖਾਲਸਾ ਖ਼ਾਸ ਕਹਿਦੇ ਹੋ ਇਹਨਾਂ ਨੂੰ ਨਾ ਕੁਝ ਦੇਣਾ :—

'ਬਖਤ ਪਰੈ ਨਹਿ ਆਵੈ ਪਾਸਾ,
ਜਿਸ ਤੂੰ ਕਹਿਹ ਖਾਲਸਾ ਖਾਸ।'

ਕੋਈ ਬਿਪਤਾ ਪਈ, ਬਖਤ ਪਿਆ ਇਹਨਾਂ ਵਿਚੋਂ ਕਿਸੇ ਨੇ ਕੋਲ ਨਹੀਂ ਖੜ੍ਹਨਾ ਕਦੇ ਕਿਸੇ ਲਈ ਕੋਈ ਨਹੀਂ ਲੜਦਾ, ਜੋ ਆਪਣੇ ਲਈ ਨਹੀਂ ਲੜ ਸਕੇ। ਉਹ ਕਿਸੇ ਲਈ ਕਦੋਂ ਲੜਨਗੇ ਜੇ ਲੜੇ ਤਾਂ ਵੀ ਕਿਸ ਲਈ? ਕਿੰਨਾ ਕੁ ਲੜਨਗੇ? ਮਾਰ ਖਾਣਗੇ ਤੇ ਮਾਰ ਪੁਆਣਗੇ। ਤੁਹਾਡੇ ਦਾਦਿਆਂ ਪੜਦਾਦਿਆਂ ਨੇ ਏਨ੍ਹਾਂ ਲਈ ਕੀ ਨਹੀਂ ਕੀਤਾ? ਉਬਲਦੇ ਪਾਣੀਆਂ ਵਿਚ ਉਬਲੇ, ਸਿਰ ਵਿੱਚ ਤੱਤੀਆਂ ਰੇਤਾਂ ਪੁਆਈਆਂ, ਬੰਦੀਵਾਨ ਬਣੇ, ਕੈਦਾਂ ਕਟੀਆਂ, ਸਿਰ ਕਟਵਾਏ, ਹੋਰ ਹੁਣ ਕੀ ਰਹਿ ਗਿਆ ਹੈ ਜੋ ਤੁਸੀਂ ਕਰਨਾ ਹੈ, ਮੈਂ ਸੁਣਿਆਂ ਹੈ, ਤੁਸੀਂ ਆਖਦੇ ਹੋ :—

"ਚਿੜੀਆਂ ਤੋਂ ਮੈਂ ਬਾਜ ਤੁੜਾਊਂ।
ਤਬੀ ਗੋਬਿੰਦ ਸਿੰਘ ਨਾਮ ਕਹਾਊਂ।

'ਬੇਟਾ! ਇਹਨਾਂ ਚਿੜੀਆਂ ਨੇ ਕੀ ਬਾਜ ਤੋੜਨੇ ਹਨ, ਕਿਉਂ ਇਨ੍ਹਾਂ ਲਈ ਇਤਨਾ ਕਲਪਦੇ ਹੋ। ਪੁਤਰ ਜੀ ਰਹਿਮ ਦੇ ਘਰ ਆਵੋ, ਸੰਗਤਾਂ ਦੀ ਸਾਰ ਲਵੋ, ਮਸੰਦਾਂ ਨੂੰ ਮਿਲੋ ਘਰ ਦਿਆਂ ਦੀ ਸੰਭਾਲ ਕਰੋ ਸਾਰੇ ਪਰਵਾਰ ਵਿਚ ਸਨਾਟਾ ਛਾਇਆ ਹੋਇਆ ਹੈ। ਸਾਰੇ ਸਹਮੇ ਹੋਏ ਹਨ। ਚਲੋ ਘਰ ਨੂੰ, ਇਹਨਾਂ ਨਿਰਜਨ ਪਹਾੜੀਆਂ ਉਤੇ ਕਿਉਂ ਇਕਲੇ ਆ ਬੈਠੇ ਹੋ?

ਮਾਤਾ ਜੀ ਸਿਆਣੀਆਂ ਸਣੋਤਾਂ ਸੁਟੀ ਜਾ ਰਹੇ ਸਨ। ਉਧਰ ਦਸਮੇਸ਼ ਜੀ 'ਰੋਹ' ਵਿਚ ਆ ਰਹੇ ਸੀ ਉਸ ਰੋਹ ਵਿਚ ਜੋ ਕਰੋ ਨਹੀਂ ਹੁੰਦਾ, ਜੋ ਵਿਰੋਧੀ ਸ਼ਕਤੀਆਂ ਨੂੰ ਵੰਗਾਰਦਾ ਹੈ, ਲਲਕਾਰਦਾ ਹੈ ਤੇ ਚਲਦੀਆਂ ਰੌਆਂ ਨੂੰ ਬੰਨ੍ਹ ਖਿਲਾਰਦਾ ਹੈ, ਅਰਸ਼ੀ ਸ਼ਕਤੀਆਂ ਫਰਸ਼ਾਂ ਤੇ ਲਾਹ ਲੈਂਦਾ ਹੈ ਪਰ ਬੋਲੇ ਕੁਝ ਨਹੀਂ। ਜੇ ਬੋਲੇ ਤਾਂ ਬਹੁਤ ਘਟ, ਇਸ਼ਾਰੇ ਮਾਤਰ, ਮਾਤਾ ਜੀ ਦਾ ਅਦਬ ਰਖਣ ਦੀ ਖਾਤਰ, ਆਖਰ ਬੁਢੀ ਮਾਂ ਲਈ ਸਾਰੇ ਜਹਾਨ ਵਿਚ ਆਪ ਹੀ ਤਾਂ ਇਕ ਸਹਾਰਾ ਸਨ। ਮਾਤਾ ਜੀ ਨੇ ਇਹਨਾਂ ਲਈ ਜੀਵਨ ਭਰ ਜਫਰ ਜਾਲੇ ਸੀ। ਗੁਰੂ ਜੀ ਉਥੋਂ ਉਠੇ, ਤਟਾ ਫਟ ਜੰਗਲ਼ ਦੀ ਰਾਹ ਲਈ, ਇਕ ਹੋਰ ਪਹਾੜੀ ਉਤੇ ਜਾ ਬੈਠੇ, ਮਾਤਾ ਜੀ ਨਿਰਾਸ ਪਰਤ ਆਏ। ਗੁਰੂ ਜੀ ਦੇ ਏਧਰ ਓਧਰ ਕੁਝ ਪਹਿਰੇਦਾਰ, ਬੈਠੇ ਰਹੇ। ਕੁਝ ਸਿਦਕੀ ਸਿਖ, ਆਸ ਪਾਸ ਘੇਰਾ ਘਤੀ ਫਿਰਦੇ ਰਹੇ। ਮਤਾਂ ਗੁਰੂ ਜੀ ਕਿਸੇ ਵੇਲੇ ਕਿਸੇ ਚੀਜ਼ ਲਈ ਪੁਕਾਰਨ। ਹੋਵੇ ਨਾ ਤਾਂ ਕਿਧਰੋਂ ਇਕਲੈ ਦੇਖ ਕੇ ਵੈਰੀ ਹੀ ਆ ਪੈਣ? ਇੰਜ ਗਮਗੀਨ ਜਿਹੇ ਦੇਖ ਕੇ ਕੋਈ ਹਮਲਾ ਹੀ ਨਾ ਕਰ ਦੇਵੇ।

ਮਾਤਾ ਗੁਜਰੀ ਜੀ ਦੀ ਨਿਰਾਸਤਾ ਭਰੀ ਵਾਪਸੀ ਨੇ ਅਨੰਦਪੁਰ ਵਾਸੀਆਂ ਉਤੇ ਜਿਵੇਂ ਗਮਾਂ ਦੇ ਅੰਬਾਰ ਸੁਟ ਦਿਤੇ ਹੋਣ, ਜਿਵੇਂ ਅਨੰਦਪੁਰ, ਗਮਗੀਨ ਪੁਰੀ ਬਣ



www.AKJ.Org

ਗਿਆ ਹੋਵੇ ?

ਓਧਰ ਦਸ਼ਮੇਸ਼ ਜੀ ਫਿਰ ਉਸੇ ਤਰ੍ਹਾਂ ਲਿਵ-ਲੀਨ ਹੋਕੇ ਸੋਚਦੇ ਰਹੇ,ਵਿਚਾਰਦੇ ਰਹੇ, ਸਾਹਮਣੇ ਆ ਰਹੇ ਤਥਾਂ ਨੂ ਨਿਤਾਰਦੇ ਰਹੇ ਤੇ ਹੋਰ ਵਿਚਾਰਦੇ ਰਹੇ । ਮਨੁਖੀ ਆਤਮਾ ਮਲੀਨ ਹੋ ਜਾਣ ਤੇ ਭਾਰਤੀ ਜਨਤਾ ਦੀ ਨਿਘਰੀ ਆਤਮਾ ਦਾ ਮੂਲ ਰੋਗ ਪੜਤਾਲਦੇ ਰਹੇ । ਜ਼ੁਲਮ ਰਾਜ ਦੇ ਬੋਹੜ ਵਾਂਗ ਛਾਏ ਹੋਏ ਸਤਾਂ ਪੀੜ੍ਹਿਆਂ ਦੇ ਰਾਜ ਦੇ ਪੁੜਾਂ ਹੇਠਾਂ ਪਿਸਦੀ ਆਈ ਭਾਰਤੀ ਆਤਆ ਨੂੰ ਕਢਣ ਲਈ, ਤੇ ਅਜਿਹੀ ਕਢਣ ਲਈ ਜੋ ਮੁੜ ਕਿਸੇ ਭਾਰ ਹੇਠਾਂ ਆਵੇ ਹੀ ਨਾ, ਭੂਤ ਭਵਿਖ ਅਤੇ ਵਰਤਮਾਨ ਉਤੇ ਝਾਤੀਆਂ ਮਾਰਦੇ ਰਹੇ ।

ਬਸ ਇਕੋ ਉਪਾਉ ਮੁੜ ਸਾਹਮਣੇ ਆ ਰਿਹਾ ਸੀ, ਜਿਵੇਂ ਗੁਰੂ ਨਾਨਕ ਨੇ ਲਹਿਣੇ ਨੂੰ ਅੰਗ ਲਗਾਕੇ ਆਪਣਾ ਅੰਗ ਬਣਾ ਲਿਆ ਸੀ, ਇਹਨਾਂ ਲੋਕਾਂ ਵਿਚ ਮੈਂ ਆਪਣੀ ਰੂਹ ਪਾ ਕੇ ਆਪਣੇ ਅੰਗ ਬਣਾ ਲਵਾਂ । ਇਹਨਾਂ ਬੁਝੀਆਂ ਆਤਮਾਂ ਅੰਦਰ ਜੋਤ ਜਗਾ ਦੇਵਾਂ । ਸਾਰੇ ਨੂਰੀ ਕਣੀ ਨਾਲ ਮੱਚ ਉਠਣ । ਜਗ ਮਗ ਜਗ ਮਗ ਹੋ ਜਾਵੇ ।

ਫਿਰ ਉਹਨਾਂ ਦੀ ਦ੍ਰਿਸ਼ਟੀ ਆਪਣੇ ਸਿਖਾਂ ਵਲ ਗਈ, ਗੁਰੂ ਨਾਨਕ ਦੀ ਸਾਜੀ ਸੰਗਤ ਉਤੇ ਪਈ, ਉਹਨਾਂ ਦੇਖਿਆ ਸਿਖ ਭਗਤ ਹਨ, ਤਨ ਮਨ ਧਨ ਗੁਰੂ ਤੋਂ ਵਾਰਨੇ ਕਰਨ ਵਾਲੇ ਹਨ, ਅੰਗ ਪਾਲ ਤੇ ਸਖਾ ਸਹਾਈ ਹਨ, ਪਰ ਨਿਰਬਲ ਹਨ, ਹਾਂ ਇਹ ਠੀਕ ਹੈ ਨਿਰਬਲ ਹੁੰਦੇ ਹੋਏ ਆਤਮ ਬਲੀ ਹਨ, ਪਰਮਾਤਮਾ ਦੇ ਬੋਧੀ ਹਨ, ਰਾਜ ਯੋਗੀ ਹਨ, ਪਰ ਜਦੋਂ ਜ਼ੁਲਮ ਦੀ ਤਲਵਾਰ ਸਿਰ ਤੇ ਪੈਂਦੀ ਹੈ ? ਉਸ ਵੇਲੇ ਉਸ ਸਾਹਮਣੇ ਨਿਮਾਣੇ ਹੋ ਕੇ ਸਿਵਾਏ ਸਿਰ ਅਗੇ ਕਰ ਦੇਣ ਤੋਂ ਹੋਰ ਚਾਰਾ ਵੀ ਤਾਂ ਕੋਈ ਨਹੀਂ, ਨਿਰਭੈਤਾ ਦੇ ਇਸ ਵੇਲੇ ਇਹੋ ਅਰਥ ਹੋ ਸਕਦੇ ਹਨ, ਜਿਨ੍ਹਾਂ ਅਰਥਾਂ ਨੂੰ ਜਾਨ ਤੇ ਖੇਲ ਕੇ ਬਿਨਾਂ ਕਸੀਸ ਵਟੇ ਇਹ ਅਰਥ ਸਿੱਖ ਕੱਢ ਦਿਖਾਉਂਦੇ ਹਨ । ਰਾਜ, ਜ਼ੁਲਮ ਦਾ ਹੈ ਤੇ 'ਜਿਸ ਦਾ ਰਾਜ ਉਸੇ ਦਾ ਤੇਜ' ਜ਼ੁਲਮ ਦਾ ਹੀ ਤੇਜ ਹੈ । ਕੀ ਇਹ ਜ਼ੁਲਮੀ ਤੇਜ ਘਟ ਨਹੀਂ ਸਕਦਾ, ਆਖਦੇ ਹਨ ਕਈ ਦਰਖਤਾਂ ਦੇ ਜੜ੍ਹੀ ਤੇਲ ਦੇ ਦਈਏ ਤਾਂ ਉਨ੍ਹਾਂ ਦੀਆਂ ਜੜਾਂ ਸੁਕ ਜਾਂਦੀਆਂ ਹਨ । ਪਰ ਕੀ ਪਿਤਾ ਜੀ ਗੁਰੂ ਤੇਗ ਬਹਾਦਰ ਜੀ ਦੇ ਖ਼ੂਨ ਨੇ ਮੁਗਲ ਰਾਜ ਦੇ ਬੋਹੜ ਦੀਆਂ ਜੜ੍ਹਾਂ ਨਹੀਂ ਸੁਕਾ ਦਿਤੀਆਂ ? ਹੁਣ ਉਤੇ ਕੇਵਲ ਖੋਖਲਾ ਘੁਣ ਖਾਧਾ ਬੋਦਾ ਰਾਜ ਕਾਂਗਰਾ ਮਾਤਰ ਨਹੀਂ ਰਹਿ ਗਿਆ ? ਕੀ ਇਸ ਬੁਢੇ ਤੇ ਖੜ-ਸੁਕ ਮੁਗਲ ਰਾਜ ਦੇ ਬੋਹੜ ਨੂੰ ਕਟਣ ਦੀ ਲੋੜ ਹੈ ? ਨਹੀਂ ! ਨਹੀਂ ! ! ਕਟਣ ਦੀ ਵੀ ਲੋੜ ਨਹੀਂ, ਇਹ ਤਾਂ ਇਕ ਹਵਾ ਦੇ ਤਿਖੇ ਹੁਲੇਰੇ ਨਾਲ ਹੀ ਚਿਤ ਜਾ ਪਵੇਗਾ । ਚੋਫਾਲ ਢਹਿ ਪਵੇਗਾ । ਇਹ ਤੂਫਾਨੀ ਪੌਣ, ਇਹ ਹੁੰਝਵਾਂ ਝਖੜ ਮੈਂ ਖੰਡੇ ਦੀ ਧਾਰ ਵਿਚੋਂ ਵਗਾ-ਵਾਂਗਾ, ਤੇ ਇਸ ਜ਼ੁਲਮ ਰਾਜ ਦੇ ਮਹੱਲ ਨੂੰ ਢਾਹ ਸੁਟਾਂਗਾ ।

ਪਰ ਫਿਰ ਬਣੇਗਾ ਕੀ ? ਰਾਜ ਕਾਜ ਨੂੰ ਕੌਣ ਸੰਭਾਲੇਗਾ, ਦਸ਼ਮੇਸ਼ ਜੀ ਦਾ ਹਥ ਤਲਵਾਰ ਦੇ ਮੁਠ ਉਤੇ ਗਿਆ । ਪਹਾੜ ਕੰਬੇ, ਜ਼ਲਜ਼ਲਾ ਆਇਆ ਸਨਾਟਾ ਛਾ ਗਿਆ । ਇਹ ਕਿਉਂ ? ਗੁਰੂ ਜੀ ਦੇ ਅੰਦਰ ਇਕ ਛਿਨ ਖਿਆਲ ਆਇਆ ਸੀ ਕਿ ਦੁਨੀਆਂ ਦੀ ਪਾਤਸ਼ਾਹੀ ਹੁਣ ਅਸੀਂ ਸੰਭਾਲ ਲੈਣੀ ਹੈ । ਫਿਰ ਇਕ ਦਮ ਸਾਰੇ ਪਾਸੀਂ ਸ਼ਾਂਤੀ ਵਰਤ ਗਈ । ਨਹੀਂ ! ਨਹੀਂ ! ਇਹ ਝੂਠੀ ਪਾਤਸ਼ਾਹੀ ਅਸਾਂ ਕੀ ਕਰਨੀ ਹੈ, ਗੁਰੂ ਘਰ ਵਿਚ ਸਚੀ ਪਾਤਸ਼ਾਹੀ ਜੁ ਹੈ ਇਹੋ ਜਿਹੀਆਂ ਝੂਠੀਆਂ ਪਾਤਸ਼ਾਹੀਆਂ ਤਾਂ ਅਸੀਂ ਨਫਰਾਂ ਨੂੰ ਵੀ ਬਖਸ਼ ਦਿੰਦੇ ਹਾਂ ।

ਹਮੈ ਪਾਤਸਾਹੀ ਗੁਰੂ ਨਾਨਕ ਦਈ ।
ਸਭੈ ਪਾਸ਼ਤਾਹੀ ਤਿਸ ਚਰਨੀ ਪਈ ।। (ਪੰਥ ਪ੍ਰਕਾਸ਼)



www.AKJ.Org

ਪਰ ਦੁਨਿਆਵੀ ਪਾਤਸ਼ਾਹੀ ਲਈ ਇਕ ਰੋਹਬ ਵੀ ਤਾਂ ਹੁੰਦਾ ਹੈ. ਗੌਰਵਤਾ ਵੀ ਚਾਹੀਏ। ਕਿਸੀ ਕਿਸਮ ਤੇ ਮਰਿਆਦਾ ਦੀ ਪਾਲਣਾ ਤੇ ਗੌਰਵਤਾ ਨਾ ਹੋਵੇ, ਤਾਂ ਰਾਜ ਸਾਹ ਸਤ ਹੀਣ ਹੋ ਜਾਂਦਾ ਹੈ, ਪਰਭਾਵ ਖੋ ਲੈਂਦਾ ਹੈ।

ਉਹਨਾਂ ਦੀ ਨਿਗਾਹ ਸਾਹਮਣੀਆਂ ਪਹਾੜੀਆਂ ਤੋਂ ਪਾਰ ਚਲੀ ਗਈ। ਬਾਈਧਾਰਾਂ ਦੇ ਪਹਾੜੀ ਰਾਜਿਆਂ ਉਤੇ ਪਈ। ਇਹ ਰਾਜਪੂਤ ਰਾਜੇ ਪੁਸ਼ਤਾਂ ਤੋਂ ਰਾਜ ਕਰ ਰਹੇ ਸਨ, ਇਨ੍ਹਾਂ ਨੂੰ ਰਾਜ ਕਾਜ ਦੇ ਕੰਮਾਂ ਦਾ ਪੁਸ਼ਤੈਨੀ ਪਤਾ ਵੀ ਹੈ, ਸੂਝ ਬੂਝ ਵੀ ਹੈ,ਇਨ੍ਹਾਂ ਦੀ ਹੱਥੀਂ ਖੰਡੇ ਫੜਾ ਦੇਈਏ, ਇਨ੍ਹਾਂ ਨੂੰ ਪਾਤਸ਼ਾਹ ਬਣਾ ਦੇਈਏ,

ਤਖ਼ਤ ਬਹਾ ਦੇਈਏ, ਕੀ ਇਹ ਗੱਲ ਠੀਕ ਨਹੀਂ ਰਹੇਗੀ ? ਸੋਚਾਂ ਦੇ ਘੋੜੇ ਤੇਜ਼ ਦੌੜ ਰਹੇ ਸੀ, ਫਿਰ ਵਾਗਾਂ ਖਿੱਚ ਲਈਆਂ। ਨਹੀਂ ! ਨਹੀਂ !! ਇਹ ਵਿਧੀ ਤਾਂ ਬਿਲਕੁਲ ਹੀ ਠੀਕ ਨਹੀਂ ਰਹਿਣੀ। ਇਹ ਮਹਾਨ ਸ਼ਕਤੀ ਦੀ ਨਿਧੀ ਇਨ੍ਹਾਂ ਦੇ ਹਜ਼ਮ ਨਹੀਂ ਹੋਣੀ। ਕਹਿੰਦੇ ਨੇ 'ਕੁੱਤੇ ਦੇ ਚੌਲ ਹਜ਼ਮ ਨਹੀਂ ਹੋਇਆ ਕਰਦੇ। ਇਹ ਰਾਜਪੂਤ ਪਹਾੜੀ ਰਾਜੇ ਕਦੋਂ ਗੁਰੂ ਕੇ ਬਣਨ ਲਗੇ ਹਨ ? ਇਹ ਸਾਡੇ ਨਾਲ ਬਹੁਤੇ ਦੁਖੀ ਹੀ ਇਸ ਗੱਲੋਂ ਹਨ ਕਿ, 'ਤੁਸੀਂ ਕਮੀਨ ਕੰਦੂਆਂ ਨੂੰ ਸਿਰ ਚੜ੍ਹਾ ਦਿੱਤਾ ਹੈ। ਉੱਚੀ ਨੀਵੀਂ ਜਾਤ ਦੀ ਕੋਈ ਤਮੀਜ਼ ਹੀ ਨਹੀਂ ਰਹਿਣ ਦਿੱਤੀ। ਨਾਲੇ ਇਨ੍ਹਾ ਤਾਂ ਸਮਝਣਾ ਹੈ, ਗੁਰੂ ਤੇ ਉਸ ਦੇ ਸਿੱਖ ਬਾਦਸਾਹੀਆਂ ਕਰ ਹੀ ਨਹੀਂ ਸਕਦੇ ਸੀ ਤਾਂ ਹੀ ਤਾਂ ਇਨ੍ਹਾਂ ਸਾਨੂੰ ਰਾਜ ਦਿੱਤਾ ਹੈ ? ਗੁਰੂ ਦੇ ਨੀਚ ਤੇ ਕਮੀਨੇ ਸਿੱਖਾਂ ਨੂੰ ਬਾਦਸ਼ਾਹੀਆਂ ਦੇ ਚੱਜ ਅਚਾਰ ਕਿਥੋਂ ਆਉਣੇ ਹੋਏ ? ਇਹ ਤਾਂ ਇੰਝ ਸਗੋਂ ਉਲਟੇ ਨਖ਼ਰੇ ਝਾੜਨਗੇ, 'ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ।' ਰਾਜਪੂਤ ਰਾਜੇ ਤਾਂ ਇਕ ਦਮ ਹੋਰ ਦੇ ਹੋਰ ਹੋ ਜਾਣਗੇ ? ਇਹ ਅਕ੍ਰਿਤਘਣ ਕਦੋਂ ਮੰਨਣਗੇ ਸਾਨੂੰ। ਗੁਰੂ ਨੇ ਪਾਤਸ਼ਾਹੀ ਦਿੱਤੀ ਹੈ ਤੇ ਲੋਕਾਂ ਦੇ ਭਲੇ ਲਈ ਦਿੱਤੀ ਹੈ ਨੀਵਿਆਂ ਨੂੰ ਉੱਚਾ ਉਠਾਉਣ ਲਈ ਦਿੱਤੀ ਹੈ। ਬਰੇਤੇ ਵਿਚ ਘਿਉ ਡੋਲਣ ਦਾ ਕੀ ਲਾਭ :—

'ਰਾਜਪੂਤ ਸਦਾਵੈ ਆਪ ਪਾਤਸ਼ਾਹੀ।
ਓਇ ਕਹੈ ਕਦੋਂ ਗੁਰ ਦਈ ਪਾਤਸ਼ਾਹੀ ?
(ਪ੍ਰਾਚੀਨ ਪੰਥ ਪ੍ਰਕਾਸ਼)

ਉਨ੍ਹਾਂ ਦੀਆਂ ਸੋਚਾਂ ਦੂਰ ਨੇੜੇ ਦੇ ਪੈਂਡੇ ਚੀਰ ਅਸਲ ਟੀਚੇ ਵਲ ਪਰਤ ਪਈਆਂ, ਫਿਰ ਸੋਚਿਆ, 'ਪਰ ਮੈਂ ਤਾਂ ਪਾਤਸਾਹੀ ਗਰੀਬਾਂ ਨੂੰ ਉਠਾਉਣ ਲਈ ਸਿੱਖੀ ਦੇ ਵੇਹੜੇ ਵਾੜਨੀ ਹੈ। ਨਹੀਂ ਤਾਂ ਕਿਥੇ ਮੇਰੇ ਇਹ ਭੋਲੇ ਭਾਲੇ ਸਿੱਖ ਤੇ ਕਿਥੇ ਇਹ ਚਤੁਰਾਈਆਂ ਦਾ ਘਰ ਪਾਤਸ਼ਾਹੀਆਂ ਤੇ ਨਵਾਬੀਆਂ। ਪਰ ਸਿੱਖੀ ਦਾ ਆਦਰਸ਼ ਤਾਂ ਹੋਰ ਹੈ, ਸੇਵਾ ਕਰਨੀ,ਨਾਮ ਜਪਣਾ, ਵੰਡ ਛਕਣਾ।'

'ਰਾਜ ਨਾ ਚਾਹਉ, ਮੁਕਤ ਨਾ ਚਾਹਉ,
ਮਨ ਪ੍ਰੀਤ ਚਰਨ ਕਮਲਾਰੇ।'

ਕੀ ਮੇਰੇ ਸਿੱਖ ਰਾਜ ਪਾ ਕੇ ਸਿੱਖੀ ਦੇ ਇਹ ਉੱਚੇ ਆਦਰਸ਼ ਤਾ ਨਹੀਂ ਭੁਲ ਜਾਣਗੇ ? ਭੁਲਣਗੇ ਤਾਂ ਪਾਤਸ਼ਾਹੀ ਖੁਹਾ ਲੈਣਗੇ ? ਨਹੀਂ ! ਨਹੀਂ !! ਇਹ ਰਾਜ ਮਹਿ ਰਾਜੇ ਤੇ ਜੋਗ ਮਹਿ ਜੋਗੀਆਂ ਦਾ ਪੰਥ ਬਣੇਗਾ। ਉਨ੍ਹਾਂ ਦੇ ਚੇਹਰੇ ਤੇ ਖਿੜਾਉ ਆ ਗਿਆ, ਤਣਉ ਘਟ ਗਿਆ। ਉਨ੍ਹਾਂ ਫ਼ੈਸਲਾ ਜੁ ਕਰ ਲਿਆ ਸੀ, ਇਹ ਪਾਤਸ਼ਾਹੀ ਹੁਣ ਆਪਣੇ ਚਰਣਾਂ ਦੇ ਭੌਰਿਆਂ ਨੂੰ ਦੇਵਾਂਗਾ। ਗ ਰੀਬਾਂ ਨੂੰ ਦੇਵਾਂਗਾ, ਕਮੀਨਾਂ ਨੂੰ ਦੇਵਾਂਗਾ, ਬਾਣੀਏ ਬਕਾਲਾਂ, ਕਰਾੜਾਂ ਦੇ ਹੱਥ ਤਲਵਾਰਾਂ ਫੜਾਵਾਂਗਾਂ। ਰਾਜ ਸ਼ਕਤੀ ਦੀਆਂ ਵਾਗਾਂ ਫੜਾਵਾਂਗਾ। ਗੁਜਰਾਂ, ਅਹੀਰਾਂ, ਛੀਂਬਿਆਂ, ਕਲਾਲਾਂ ਦੀ ਨੀਚਤਾ ਕੱਢਾਂਗਾ, ਝਿਉਰਾਂ, ਨਾਈਆਂ, ਰੋੜਿਆਂ, ਸਾਇਣੀਆਂ, ਸੁਨਿਆਰਾਂ, ਚੂੜ੍ਹਿਆਂ, ਚਮਿਆਰਾਂ ਨੂੰ ਉਭਾਰਾਂਗਾ। ਭੱਟਾਂ, ਮੰਗਵਾਰਾਂ, ਬਰਾਹਮਣਾਂ ਬੇਰੂਪੀਏ, ਲੁਬਾਣਿਆਂ



www.AKJ.Org

ਘਸ਼ਿਆਰਾਂ ਨੂੰ ਗਲੇ ਲਗਾਵਾਂਗਾ । ਸਭਨਾਂ ਨੂੰ ਆਪਣਾ ਅੰਗ ਬਣਾਵਾਂਗਾ । ਆਪਣਾ ਆਪਾ ਉਨ੍ਹਾਂ 'ਚ ਹਲੂਲ ਕਰਾਂਗਾ । ਉਹ ਮੇਰੇ ਆਪਣੇ ਹੋ ਜਾਣਗੇ ਤੇ ਮੈਂ ਉਨ੍ਹਾਂ ਅੰਦਰ ਅੰਮ੍ਰਿਤ ਜੀਵਨ ਸਿੰਚਾਂਗਾ । ਇਨ੍ਹਾਂ ਦੀਆਂ ਸੁੱਤੀਆਂ ਆਤਮਾ ਜਗਾਵਾਂਗਾ । ਖੰਡੇ ਦੀ ਧਾਰ 'ਚੋਂ ਜੀਵਨ ਦਾ ਅੰਮ੍ਰਿਤ ਰਸ ਪਿਲਾਵਾਂਗਾ, ਫਿਰ ਹੱਥਾਂ 'ਚ ਖੰਡੇ ਫੜਾਵਾਂਗਾ, ਸੰਗਤ ਨੂੰ ਖ਼ਾਲਸਾ ਬਣਾਵਾਂਗਾ, ਇਹਨਾਂ ਚਿੜੀਆਂ ਤੋਂ ਹੀ ਬਾਜ ਤੁੜਾਵਾਂਗਾ, ਰਾਜ ਚਲਾਵਾਂਗਾ, ਜ਼ਾਲਮ ਰਾਜ ਦਾ ਜੂਲਾ ਲਹਾਵਾਂਗਾ, ਜ਼ਾਲਮਾਂ ਦੀ ਅਲਖ ਮੁਕਾਵਾਂਗਾ ਇਹ ਲੋਕ ਵੀ ਕੀ ਸਮਝਣਗੇ ਪਈ ਅਸੀਂ ਕਿਸੇ ਗੁਰੂ ਦੇ ਲੜ ਲਗੇ ਸੀ ?

ਉਸ ਗੁਰੂ ਨੇ ਸਾਨੂੰ ਕੀ ਦਿੱਤਾ ? ਕੇਵਲ ਪ੍ਰਲੋਕ ਦਾ ਸੁਖ । ਬਸ, ਨਹੀਂ ! ਨਹੀਂ !! ਇਹ ਲੋਕ ਦੇ ਸੁਖ ਵੀ ਉਹਨਾਂ ਦੇ ਬੂਹੇ ਅਗੇ ਖੜ੍ਹੇ ਕਰ ਦੇਵਾਂਗਾ । ਇਹ ਸਿਖ ਕਿਧਰੇ ਏਹੋ ਨਾ ਸਮਝਣ, ਸਾਡਾ ਗੁਰੂ ਨਿਤ ਹੁਕਮਨਾਮੇ ਭੇਜਦਾ ਰਿਹਾ, ਸ਼ਸਤਰ ਘੋੜੇ ਮੰਗਵਾਉਂਦਾ ਰਿਹਾ ਪਰ ਸਾਨੂੰ ਕੀ ਦਿਤਾ ? ਤੁਹਾਨੂੰ ਭਾਈ ਸਿਖੋ ਮੈਂ ਆਪਣਾ ਸਭੋ ਕੁਝ ਦਿੱਤਾ, ਧਨ ਮਾਲ ਤਨ ਪਰਵਾਰ ਤੁਹਾਡੇ ਤੋਂ ਵਾਰਿਆ ਅਤੇ ਇਸ ਤੋਂ ਵੱਧ ਇਕ ਚੀਜ਼ ਹੋਰ ਦਿੱਤੀ, ਤੁਹਾਨੂੰ ਭਾਈ ਸਿਖੋ ਦਿੱਤੀ ਪਾਤਸ਼ਾਹੀ ।

'ਰਾਜ ਸਮਾਜ ਲਾਜ ਨਿਜ ਧਰਮ,
ਬ੍ਰਹਿਮ ਗਿਆਨ ਕਰ ਭਗਤ ਸੁ ਕਰਮ ।
ਰਿਧ ਸਿਧ ਨਵ ਨਿਧ ਅਪਾਰ,
ਬਖਸ਼ੀ ਤੁਮ ਕੋ ਮੈਂ ਸਭ ਕਾਰ ॥
(ਪੰਥ ਪ੍ਰਕਾਸ਼)

ਤੁਸੀਂ ਵੀ ਯਾਦ ਰਖੋਗੇ ਕਿ ਇਕ ਗੁਰੂ ਹੋਇਆ ਸੀ ਉਸ ਨੇ ਸਾਡੇ ਹੱਥੀ ਸ਼ਸਤ੍ਰ ਦਿੱਤੇ, ਬਾਣੀ ਦਿੱਤੀ, ਬਸਤਰ ਦਿੱਤੇ, ਬਾਣਾ ਦਿੱਤਾ, ਇੱਕਲੀ ਭਗਤੀ ਲਈ ਜਪਮਾਲੀ ਹੀ ਨਹੀਂ ਦਿੱਤੀ, ਨਾਲ ਸ਼ਕਤੀ ਦਾ ਖੜਗ ਵੀ ਦਿਤਾ, ਹਾਂ ਮੁਗਲ ਰਾਜ ਨੂੰ ਤੋੜਨ ਵਾਲੀ ਸ਼ਕਤੀ ਦਾ ਖੜਗ, ਹਾਂ ! ਭਾਈ, ਆਪਣਾ ਰਾਜ ਸਥਾਪਤ ਕਰਨ ਵਾਲੀ ਸ਼ਕਤੀ ਦਾ ਖੜਗ । ਹਾਂ ਜੀ ! ਭਗਤੀ ਵਿਚ ਸਮੋਈ ਹੋਈ ਸ਼ਕਤੀ ਦਾ ਖੜਗ ਆਖਦੇ ਹਨ । ਓਦੋਂ ਇਕ ਆਕਾਸ਼ ਬਾਣੀ ਹੋਈ, ਜਿਵੇਂ ਵਾਯੂ ਮੰਡਲ ਵਿਚ ਪਸਰੀ ਹੋਈ ਧੁਨੀ ਇਹ ਆਖ ਰਹੀ ਹੋਵੇ :—

ਪ੍ਰਗਟਿਓ ਖਾਲਸਾ ਆਪਣੀ ਮੌਜ ।
ਖਾਲਸਾ ਅਕਾਲ ਪੁਰਖ ਕੀ ਫੌਜ ॥

ਦਸ਼ਮੇਸ਼ ਜੀ ਆਪਣੇ ਆਸਣ ਉਤੇ ਆ ਬਿਰਾਜੇ । ਚਿਹਰੇ ਦਾ ਖੇੜਾ ਝੱਲਿਆਂ ਨਹੀਂ ਸੀ ਜਾ ਰਿਹਾ । ਸਤਿ ਸ੍ਰੀ ਅਕਾਲ ਦੇ ਨਾਹਰੇ ਗੂੰਜੇ । ਧੌਂਸੇ ਬੱਜੇ, ਜੈ ਜੈ ਕਾਰ ਦੀ ਧੁਨੀ ਉਠੀ । 'ਜੋ ਆਵੇ ਸੋ ਰਾਜੀ ਜਾਵੇ' ਅਤੇ ਏਸੇ ਨਿਸਚੇ ਦਾ ਪਰਤੋ ਆਪਣੀ ਉਤੋਂ ਲੈਕੇ ਜਾਵੇ, ਗੁਰੂ ਜੀ ਪ੍ਰਸੰਨ ਚਿਤ ਹਨ । ਜੁੱਧ ਜਿਤ ਕੇ ਆਉਣ ਜਿਹੀ ਚੇਹਰੇ ਉਤੇ ਖੁਸ਼ੀ ਹੈ । ਲੋਹੜੇ ਦਾ ਖੇੜਾ ਹੈ ਜਲਾਲ ਹੈ । ਤੇ ਆਖ ਰਹੇ ਹਨ :—

'ਚਿੜੀਆਂ ਤੋਂ ਮੈਂ ਬਾਜ ਤੁੜਾਊਂ ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਲੋਕੀਂ ਕਹਿਣ :-ਗੁਰੂ ਜੀ ਜੋ ਕੁਝ ਆਖ ਰਹੇ ਹਨ ਇਕ ਨਵੇਂ ਯੁਗ ਦੀ ਗੱਲ ਹੈ ਉਹ ਬੜੇ ਕਰਾਰੇ ਬੋਲ ਬੋਲ ਰਹੇ ਹਨ—'ਮੈਨੂੰ ਆਪਣੇ ਨਾਮ ਦੀ ਆਣ ਹੈ, ਮੈਨੂੰ ਸਿਖਾਂ ਦੀ ਸ਼ਰਧਾ ਭਾਵਨਾ ਉਤੇ ਮਾਣ ਹੈ । ਮੈਂ ਯੁਗ ਪਲਟਾਉਣ ਦੀ ਰਾਹ ਖੋਜ ਲੱਧੀ ਹੈ । ਮਸਲੇ ਦਾ ਹੱਲ ਲੱਭ ਪਿਆ ਹੈ ।"

ਸਿੱਖ ਇਹ ਗਲਾਂ ਸੁਣ ਕੇ ਸਹਿਮ ਗਏ, 'ਜੀ ਮਹਾਰਾਜ ਸਾਡੇ ਪਾਸੋਂ ਦੂੰਬੇ ਖਾਣੇ, ਬਲੀ ਤੁਰਕ ਕਿਵੇਂ ਮਾਰੇ ਜਾਣਗੇ, ਅਸੀਂ ਰਾਜ ਕਿਵੇਂ ਕਰ ਸਕਦੇ ਹਾਂ :—

'ਤੋ ਸਿਖਨ ਨਹਿ ਮਨਜੋਂ ਤੁਰਕਨ ਤੇ ਖੌਫ ਕੀਨ ।



www.AKJ.Org

ੳਨ ਪਹਿ ਫ਼ੌਜਾ ਅਤਿ ਘਣੀ ਕੱਥ ਛੋੜੇ ਰਾਜ ਜਮੀਨ ॥'

(ਪ੍ਰਾਚੀਨ ਪੰਥ ਪ੍ਰਕਾਸ਼)

'ਜੀ ਪਾਤਸ਼ਾਹ! ਉਹਨਾਂ ਪਾਸ ਫੌਜਾਂ ਉਹਨਾਂ ਪਾਸ ਰਾਜ ਹੈ ਤੇ ਹਾਥੀ ਘੋੜੇ ਸਾਰੇ ਸ਼ਾਹੀ ਸਮਿਆਨ ਹਨ। ਉਹ ਸਾਨੂੰ ਰਾਜ ਕਿਵੇਂ ਦੇ ਦੇਣਗੇ ?

'ਵੋਹ ਆਦ ਸਿਪਾਹੀ ਮੁਗਲ ਪਠਾਣ। ਹਮ ਸੂਦ, ਨਾਈ, ਤਰਖਾਣ। (ਪ੍ਰਚੀਨ ਪੰਥ ਪ੍ਰਕਾਸ਼) ਗੁਰੂ ਜੀ ਨੂੰ ਫਿਰ ਸੋਚ ਦੇ ਅੰਬਾਰਾਂ ਉਤੇ ਚੜ੍ਹਨਾ ਪਿਆ ਪਰ ਝੱਟ ਹੀ ਉਹਨਾਂ ਦੀ ਸੁਰਤੀ ਨੇ ਫੁਰਤੀਲੀਆਂ ਉਡਾਰੀਆਂ ਲਾਈਆਂ ਤੇ ਗੁਰੂ ਜੀ ਦੇ ਹਿਰਦੇ ਤੋਂ ਪ੍ਰਗਟ ਹੋਣ ਲਈ ਉਮਡੀ। ਉਹਨਾਂ ਕਿਹਾ ਭਾਈ ਸਿਖੋ ਤੁਹਾਡਾ ਇਹ ਹੀਣ ਭਾਵ ਵੀ ਮੈਂ ਖਤਮ ਕਰਨਾ ਹੈ। ਤੁਸੀਂ 'ਚਰਣ ਪਹੁਲ' ਲੈ ਕੇ ਨਿਰਮਾਣਤਾ ਦੀਆਂ ਹੱਦਾਂ ਟੱਪੇ ਹੋਏ ਹੋ, ਤੁਹਾਨੂੰ ਖੰਡੇ ਦਾ ਖਿਆਲ ਹੀ ਕਿਵੇਂ ਆ ਸਕਦਾ ਹੈ, ਮੈਂ ਤੁਹਾਨੂੰ ਪਾਤਸ਼ਾਹੀ ਦਿੰਦਾ ਹਾਂ ਤੁਸੀਂ ਨਾਂਹ ਨਾਂਹ ਕਰ ਰਹੇ ਹੋ। ਲਓ ਇਸ ਗੱਲ ਦੀ ਗੁੰਝਲ ਵੀ ਖੁਲ ਗਈ। ਜਦੋਂ ਸਿਰ ਤੇ ਟੋਪੀਆਂ ਧਰਕੇ ਆਪਣੇ ਨਾਂ ਨਾਲ 'ਦਾਸ ਲਗਾਉਣ ਤੇ ਨਾਮ ਰਖਾਉਣ ਦੀ ਰੀਤ ਜੋ ਹੈ। ਇਹ ਰੀਤ ਕੱਢੀ ਤੇ ਛੱਡੀ। ਤੁਸੀਂ ਹੁਣ ਖੰਡਾ ਖੜਕਾਉਣ ਤੋਂ ਨਹੀਂ ਝਿਜਕੋਗੇ।

ਖੰਡੇ ਪਾਹੁਲ ਮੋਂ ਠਟੀ।
ਯਹਿ ਹੋਵੇਗਾ ਹਠੀ ॥ 33।

ਹੁਣ ਤੁਹਾਡੇ ਵਿਚ ਬਲ ਭਰਨ ਲਈ ਪਾਹੁਲ ਦੀ ਰੀਤ ਵੀ ਨਵੀਂ ਟੋਰਨੀ ਹੈ, ਜਿਸ ਤੋਂ ਸਿੱਖ 'ਸਿੰਘ' ਬਣ ਜਾਣ ਤੇ ਕਿਸੇ ਹੀਣ ਭਾਵ ਨਾਲ ਝੁਕਣ ਨਾ ਸਗੋਂ ਜੰਗੇ ਮੈਦਾਨ ਵਿਚ ਲੜ ਸਕਨ।

ਖਾਲਸਾ ਹੋਹੈ ਖੁਦ ਖੁਦਾ ਜਿਨ ਖੂਬੀ ਖੂਬ ਖੁਦਾਇ।
ਆਨ ਨ ਮਾਨੈ ਆਨ ਕੀ ਇਕ ਸੱਚੇ ਬਿਨ ਪਾਤਸ਼ਹੀ।
35। (ਪ੍ਰਾਚੀਨ ਪੰਥ ਪ੍ਰਕਾਸ਼)

ਗੁਰੂ ਜੀ ਨੇ ਇਹ ਵਿਚਾਰ ਪੱਕਾ ਕੀਤਾ ਤੇ ਹਿਰਦੇ ਵਿਚ ਧਾਰ ਲਿਆ। ਰਣਜੀਤ ਨਗਾਰੇ ਦੀ ਧੁਨੀ ਮੁੜ ਗੂੰਜਣ ਲਗੀ। ਝੰਡੇ ਨਿਸ਼ਾਨ ਮੁੜ ਝੂੱਲਣ ਲੱਗੇ ਤੇ ਖਾਲਸਈ ਬੋਲੇ ਮੁੜ ਬੋਲੇ ਜਾਣ ਲੱਗੇ।

ਅਨੰਦਪੁਰ ਦੀਆਂ ਘਾਟੀਆਂ ਵਿੱਚ ਫਿਰ ਰੌਣਕ ਆ ਗਈ। ਰਣਜੀਤ ਨਗਾਰਾ ਗੂੰਜਿਆ, ਜੈਕਾਰਿਆਂ ਦੀ ਘਨਘੋਰ ਪਈ। ਹੁਕਮਨਾਮੇ ਫੇਰੇ ਗਏ। "ਸੰਗਤਾਂ ਵਹੀਰਾਂ ਘੱਤ ਕੇ ਪੁਜਣ।" ਦੂਰੋਂ ਨੇੜਿਓਂ ਹੁਕਮਾਂ ਉਤੇ ਫੁਲ ਚੜ੍ਹਉਣ ਲਈ ਸਿਖਾਂ ਦੇ ਦਲ ਉਮਡ ਪਏ। ਗੁਰੂ ਜੀ ਦਾ ਹੁਕਮ ਹੈ, ਆਉਂਦੀ ਵੈਸਾਖੀ ਸਮੇਂ 'ਹਰ ਸਿਖ ਹਥਿਆਰ ਬੰਨ੍ਹ ਕੇ ਆਵੇ। ਘੋੜੇ ਤੇ ਚੜ੍ਹ ਕੇ ਆਵੇ ਆਮ ਲੁਕਾਈ ਵਿਚ ਕੁਝ ਹੈਰਾਨੀ ਕੁਝ ਸਮਾ ਪਰੇਸ਼ਾਨੀ ਹੋਈ ਸੀ। ਖਬਰੇ, ਗੁਰੂ ਕਿਹਾ ਜਿਹਾ ਚਲੀਹਾ ਸਾਧ ਕੇ ਉਠੇ ਨੇ, ਚਲੋ ਦਰਸ਼ਨ ਤਾਂ ਕਰੀਏ। ਸੁਣਿਆ ਹੈ ਕਈ ਮਹੀਨੇ ਚੁੱਪ ਰਹੇ ਨੇ, ਕਿਸੇ ਨਾਲ ਕੂੰਏ ਨਹੀਂ, ਕੋਈ ਜ਼ਰੂਰ ਸਾਧਨਾ ਸਾਧ ਕੇ ਹੁਣ ਮੁੜ ਪ੍ਰਗਟ ਹੋਏ ਹਨ। ਐਵੇਂ ਤਾਂ ਖਾਸ ਹੁਕਮਨਾਮੇ ਨਹੀਂ ਪੁਜ ਰਹੇ, ਲੋਕ ਵਹੀਰਾਂ ਪਾ ਕੇ ਟੁਰ ਪਏ ਅਤੇ ਜਿੰਨ੍ਹੇ ਮੂੰਹ ਓਨੀਆਂ ਗੱਲਾਂ ਕਰਦੇ ਧਾ ਪਏ।

ਵਾਯੂ ਮੰਡਲ ਵਿਚ ਧੁਨੀ ਉਠ ਰਹੀ ਸੀ। ਇਸ ਵਾਰੀ ਵੈਸਾਖੀ ਦਾ ਮੇਲਾ ਸਾਧਾਰਨ ਨਹੀਂ ਵਿਸ਼ੇਸ਼ ਹੈ। ਇਸ ਵਾਰੀ ਸਭਨਾਂ ਨੂੰ ਵਹੀਰਾਂ ਘੱਤ ਕੇ ਆਉਣ ਦਾ ਆਦੇਸ਼ ਹੈ, ਇਸ ਵਾਰੀ ਜ਼ਰੂਰ ਕੋਈ ਆਵੇਸ਼ ਹੋਵੇਗਾ, ਸਿੱਖੀ ਵਿਚ ਜ਼ਰੂਰ ਕੁਝ ਨਵਾਂ ਪ੍ਰਵੇਸ਼ ਹੋਵੇਗਾ।

ਦੂਰ ਦੁਰਾਡਿਉ, ਸ਼ਹਿਰਾਂ, ਨਗਰਾਂ ਤੇ ਪਿੰਡ ਪਿੰਡ ਤੋਂ ਸੰਗਤਾਂ ਵਹੀਰਾਂ ਘੱਤ ਕੇ ਤੁਰੀਆਂ। ਦੂਰ ਦੁਰਾਡਿਉਂ ਗੁਰਸਿਖਾਂ ਦੇ ਹੜ੍ਹ ਉਮਡ ਪਏ, ਕੇਵਲ ਪੰਜਾਬ ਪ੍ਰਾਂਤ ਦੇ ਪਾਸ ਪੜੋਸ ਦੇ ਲੋਕ ਨਹੀਂ ਆਏ, ਜਿਵੇਂ ਸੀਸ ਦੇਣ ਵੇਲੇ ਉਭਰੇ ਪੰਜਾਂ ਸਿੱਖਾਂ ਤੋਂ ਪ੍ਰਗਟ ਹੈ। ਦੁਆਰਕਾ,



www.AKJ.Org

ਪੁਰੀ, ਬਿਦਰ, ਹਸਤਨਾਪੁਰ (ਦਿੱਲੀ) ਆਦਿਕ ਥਾਵਾਂ ਦੀਆਂ ਸੰਗਤਾਂ ਵੀ ਦੂਰ ਦੇ ਪੈਂਡੇ ਮਾਰ ਕੇ ਪੁੱਜੀਆਂ ਸਨ। ਅਸਚਰਜਤਾ ਭਰੇ ਵਾਯੂ ਮੰਡਲ ਵਿਚ ਸਾਹ ਲੈਂਦੇ ਲੋਕੀਂ ਧੜਕਦੇ ਦਿਲਾਂ ਨਾਲ ਅਨੰਦਪੁਰ ਨੂੰ ਵਹੀਰਾਂ ਪਾ ਤੁਰੇ।

ਗੁਰੂ ਜ਼ੀ ਦੇ ਵਿਸ਼ੇਸ਼ ਅਵਸਥਾ ਤੋਂ ਨਿਕਲਣ ਦੀ ਖ਼ਬਰ ਜਿਵੇਂ ਹਵਾਵਾਂ ਦੇ ਕੰਧਾੜਿਆਂ ਤੇ ਚੜ੍ਹ ਚੜ੍ਹ ਕੇ ਸਾਰੇ ਥਾਵੀਂ ਆਪਣੀ ਸੋਅ ਸੁਣਾ ਆਈ ਹੋਵੇ। ਸੰਗਤਾਂ ਦੇ ਚੇਹਰਿਆਂ ਉਤੇ ਪ੍ਰਸੰਨਤਾ ਸੀ। ਗੁਰੂ ਭਗਤੀ ਦੀ ਭਾਵਨਾ ਦੇ ਨਾਲ ਨਾਲ ਉਤਸੁਕਤਾ ਵੀ ਸੀ, ਕੁਝ ਜਾਣਨ ਦੀ ਕੁਝ ਦੇਖਣ ਦੀ। ਮਸੰਦਾਂ ਦੀਆਂ ਪਾਈਆਂ ਗਲਤ ਫ਼ਹਿਮੀਆਂ ਦੂਰ ਹੋ ਰਹੀਆਂ ਸਨ। ਜੋ ਆਖਦੇ ਸਨ ਕਿ ਗੁਰੂ ਜੀ ਨੂੰ ਤਾਂ ਕੁਝ ਹੋ ਗਿਆ ਹੈ? ਇਸ ਵਾਰੀ ਦੀ ਵੈਸਾਖੀ ਸਾਧਾਰਨ ਨਹੀਂ ਸੀ। ਇਹ ਗੱਲ ਔਰੰਗਜ਼ੇਬ ਦੇ ਸੂਹੀਏ ਖਬਰ ਨਵੀਸ ਨੇ ਵੀ ਲਿਖੀ ਹੈ, ਲੋਕੀਂ ਲੱਖਾਂ ਦੀ ਗਿਣਤੀ ਵਿਚ ਪੁੱਜੇ ਸੀ ਤੇ ਹਜਾਰਾਂ ਦੀ ਗਿਣਤੀ ਵਿਚ ਸਿੰਘ ਸਜੇ ਸੀ।

ਠੀਕ ਹੈ ਗੁਰੂ ਜੀ ਕੁਝ ਸਮਾਂ ਵਿਸ਼ੇਸ਼ ਅਵਸਥਾ ਵਿਚ ਦੀ ਲੰਘੇ ਸੀ। ਉਨ੍ਹਾਂ ਉਸ ਕਾਲ ਵਿਚ ਆਪਣੇ ਆਪ ਨੂੰ ਇਕ ਪਾਸੇ ਸਰਬ-ਕਾਲੀ ਸ਼ਕਤੀ ਨਾਲ ਅਭੇਦ ਕੀਤਾ ਹੋਇਆ ਸੀ। ਦੂਜੇ ਪਾਸੇ ਖ਼ਾਲਕ ਦੀ ਖ਼ਲਕ ਨਾਲ। ਉਹਨਾਂ ਦੇ ਭਾਵ ਕੁਝ ਇਹੋ ਜਿਹੇ ਸਨ ਜੋ ਨੰਦ ਲਾਲ ਜੀ ਲਿਖਦੇ ਹਨ :

'ਖ਼ਾਲਕ ਖ਼ਲਕ ਕੀ ਖ਼ਲਕ ਦੁਖਾਵੈ ਨਾਹਿ।'

ਪਰ ਏਥੇ ਤਾਂ ਖ਼ਲਕਤ ਦੁੱਖਾਂ ਦੇ ਪਹਾੜਾਂ ਹੇਠ ਲਤਾੜੀ ਜਾ ਰਹੀ ਸੀ। ਖ਼ਲਕਤ ਦੇ ਏਸੇ ਦੁੱਖ ਨੂੰ ਦੂਰ ਕਰਨ ਲਈ ਉਹਨਾਂ ਆਰਾਮ ਹਰਾਮ ਕਰ ਰਖਿਆ ਸੀ : ਉਹਨਾਂ ਨੇ ਖ਼ਲਕਤ ਦੇ ਦੁੱਖਾਂ ਨਾਲ ਆਪਣੇ ਆਪ ਨੂੰ ਅਭੇਦ ਕਰ ਰਖਿਆ ਸੀ, ਉਹਨਾਂ ਨੂੰ ਕੋਈ ਨਿੱਜੀ ਪੀੜਾ ਨਹੀਂ ਸੀ, ਬਾਲ ਪ੍ਰਵਾਰ, ਧਨ ਮਾਲ ਦੀ ਇੱਛਾ ਨਹੀਂ ਸੀ, ਉਹ ਕੋਈ ਸਟੇਟ ਨਹੀਂ ਸਿਰਜ ਰਹੇ ਸੀ, ਹਾਂ ਇਕ ਐਸਾ ਵਾਯੂ ਮੰਡਲ ਸਿਰਜ ਰਹੇ ਸੀ ਜਿਸ ਵਚ ਜ਼ੁਲਮ ਦੇ ਰਾਜ ਢਹਿ-ਢੇਰੀ ਹੁੰਦੇ ਰਹਿਣ ਅਤੇ ਲੋਕ ਕਲਿਆਣ-ਕਾਰੀ ਰਾਜ ਉਭਰਦੇ ਰਹਿਣ ਤੇ ਇਕ ਦਿਨ ਉਹ ਉਭਰਦੇ ਉਭਰਦੇ 'ਹਲੇਮੀ ਰਾਜ' ਦੇ ਨਮੂਨੇ ਬਣ ਜਾਣ। ਜਿਸ ਵਿਚ ਰਾਜ ਸਭਾ ਦੀ ਬੂ ਨਾ ਹੋਵੇ, 'ਪੰਚ ਪ੍ਰਧਾਨ' ਅਮਲ ਸਰਬੱਤ ਦੇ ਭਲੇ ਲਾਭਵੰਦੇ ਹੋਣ। ਨਾਨਕ ਨਾਮ ਦੀ ਚੜ੍ਹਦੀ ਕਲਾ ਹੋਵੇ।

'ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।'

ਇਹ ਨਾਅਰਾ ਸਾਰੇ ਗੂੰਜੇ ਤੇ ਏਹੋ ਧੁਨ ਕੋਨੇ ਕੋਨੇ ਖੂੰਜੇ ਖੂੰਜੇ ਪਸਰੀ ਹੋਵੇ। ਇਹ ਖ਼ਾਲਸਈ ਬੋਲੇ ਸਕਾਰਥਾ ਹੋਵੇ। ਨਾਨਕ ਨਾਮ ਦੀ ਜੈ ਜੈ ਕਾਰ ਹੋਵੇ।

ਇਸ ਸਭ ਕਾਸੇ ਨੂੰ ਸੰਭਵ ਬਨਾਉਣ ਲਈ ਉਹਨਾਂ ਜਨ ਸਮੂਹ ਵਿਚ ਆਪਣੇ ਆਪ ਨੂੰ ਹਲੂਲ ਕਰਨ ਦੀ ਠਾਣ ਲਈ ਸੀ। ਕਿਸ ਵਿਧੀ ਤੇ ਕਿਸ ਢੰਗ ਨਾਲ ਇਹ ਅਮਲ ਪ੍ਰਗਟ ਹੋਵੇ? ਇਸੇ ਲਈ ਤਾਂ ਉਨ੍ਹਾਂ ਸਾਰਾ ਉਤਸਵ ਰਚਿਆ ਸੀ। ਸਿਖ ਸੰਗਤਾਂ ਨੂੰ ਵਧ ਚੜ੍ਹ ਕੇ ਆਉਣ ਲਈ ਪੁਕਾਰਿਆ ਸੀ।

ਲੱਖਾਂ ਦੇ ਇਕਠ ਵਿਚ ਉਚੀ ਟਿੱਬੀ ਦੇ ਦੂਰ ਪਾਰ ਕੁਝ ਤਬੋਟੀਆਂ ਸਨ, ਅਗੇ ਸ਼ਾਨਦਾਰ ਸ਼ਾਮਿਆਨਾ ਸੀ, ਉਸ ਤੋਂ ਅਗੇ ਇਕ ਤਖਤ ਸਜਾਇਆ ਗਿਆ ਸੀ। ਲੋਕਾਂ ਦੀਆਂ ਅੱਖਾਂ ਗੁਰੂ ਜੀ ਦੇ ਏਕਾਂਤ ਵਾਸ ਪਿਛੋਂ ਦਰਸ਼ਨ ਲਈ ਉਤਾਵਲੀਆਂ ਸਨ, ਪਰ ਹੋਇਆ ਕੀ? ਇਕ ਤੰਬੋਟੀ ਵਿਚੋਂ ਗੁਰੂ ਜੀ ਨਿਕਲੇ ਤੇ ਸਜੇ ਹੋਏ ਸ਼ਾਮਿਆਨੇ ਹੇਠ ਆ ਖੜੇ ਹੋਏ। ਸਿੰਘਾਸ਼ਨ ਤੇ ਬੈਠੇ ਨਹੀਂ, ਨਾ ਹੀ ਇਸ ਵੇਲੇ ਹੁਣ ਏਧਰ ਉਧਰ ਰਾਗੀ ਰਬਾਬੀ ਤੇ ਢਾਡੀ ਸਨ। ਬਿਲਕੁਲ ਇਕੱਲੇ? ਪਰ



www.AKJ.Org

ਨੰਗੀ ਤਲਵਾਰ ਹੱਥ ਵਿਚ ਲੈ ਕੇ ਆ ਖੜੇ। ਚੇਹਰੇ ਦਾ ਤਾਬ ਝੱਲੀ ਨਹੀਂ ਜਾ ਰਹੀ ਸੀ, ਕਹਿਰਾਂ ਦਾ ਰੋਹਬ ਦਾਬ, ਮੰਦ ਮੰਦ ਮੁਸਕਰਾਂਦੇ ਬੁਲ੍ਹਾਂ ਦੀ ਮੁਸਕਾਹਟ ਨੂੰ ਨੂਰੀ ਜਲੌ ਚੰਦ ਦੇ ਪ੍ਰਵਾਰ ਵਾਂਗ ਛੁਪਾ ਰਿਹਾ ਸੀ।

ਗੁਰੂ ਜੀ ਦੇ ਹੱਥਾਂ ਦੀਆਂ ਉਂਗਲੀਆਂ ਤੇ ਹਜ਼ੂਰ ਦਾ ਫੁਰਤੀਲਾ ਜਿਸਮ ਜਿਵੇਂ ਤਲਵਾਰ ਦੀ ਤਾਨ ਉਤੇ ਲਚਕਾਰੇ ਖਾ ਰਿਹਾ ਹੋਵੇ, ਲਹਿਰੇ ਮਾਰ ਰਿਹਾ ਹੋਵੇ। ਬੁਲ੍ਹ ਫਰਕੇ, ਡੌਲੇ ਥਰਕੇ, ਜਿਵੇਂ ਪ੍ਰਾਚੀਨ ਵਜੰਤਰੀ ਦੇ ਹੱਥ ਸੁਰਾਂ ਉਤੇ ਏਧਰੋਂ ਓਧਰ, ਓਧਰੋਂ ਏਧਰ ਘੁੰਮਦੇ ਹੋਏ ਕੋਈ ਲੰਮੀ, ਪਰ ਅਗੰਮੀ ਲਯ ਬਣਾ ਰਹੇ ਹੁੰਦੇ ਹਨ। ਔਹ! ਦੇਖੋ! ਅਚਾਨਕ ਉਨ੍ਹਾਂ ਦਾ ਪੰਜਾ ਕੱਸਿਆ ਗਿਆ। ਤਲਵਾਰ ਨੂੰ ਇੰਝ ਉਭਾਰ ਸਨ, ਜਿਵੇਂ ਹੁਣ ਹੀ ਕਿਸੇ ਦੇ ਖ਼ੂਨ ਵਿਚ ਉਸ ਨੂੰ ਇਸ਼ਨਾਨ ਕਰਾਉਣਾ ਹੁੰਦਾ ਹੈ।

ਹੈਂ! ਕੀ ਇਹ ਸਾਰਾ ਕੁਝ ਸੁਪਨਾ ਹੈ ਕਿ ਸੱਚ? ਇਕ ਦਮ ਸਭ ਕੁਝ ਸੱਚ ਹੋਣ ਦਾ ਪ੍ਰਮਾਣ ਹੈਰਾਨੀਆਂ ਤੇ ਥਰਰਾਟ ਵਿਚੋਂ ਪ੍ਰਗਟ ਹੋ ਗਿਆ ਹੈ।

ਗੁਰੂ ਜੀ ਨੇ ਵੰਗਾਰ ਪਾਈ। ਮੈਨੂੰ ਅੱਜ ਸਿਰਾਂ ਦੀ ਲੋੜ ਹੈ, ਏਸ ਭਰੇ ਇਕੱਠ ਵਿਚ ਕੋਈ ਹੈ ਜੋ ਆਪਣਾ ਸਿਰ ਇਸ ਤਲਵਾਰ ਦੀ ਭੇਟ ਕਰਨ ਲਈ ਨਿਤਰੇ।

'ਸਨਮੁਖ ਸਿੱਖ ਹੈ ਪੂਰਾ ਕੋਈ,
ਸੀਸ ਭੇਟ ਗੁਰ ਦੇਵੈ ਜੋਈ।'

(ਗੁ: ਬਿ: ਮਨੀ ਸਿੰਘ)

ਉਹੋ ਅੱਗੇ ਆਵੇ ਜੋ ਤਲਵਾਰ ਦੀ ਜੀਭ ਦੀ ਪਿਆਸ ਬੁਝਾਵੇ। ਇਕ ਦਮ ਸਨਾਟਾ ਛਾ ਗਿਆ? ਵੱਡੇ ਨਾਮੀ ਸਿੱਖਾਂ ਦੇ ਮੂੰਹਾਂ ਉਤੇ ਸਿੱਕਰੀ ਆ ਗਈ। ਸਿਆਣੇ ਸਿੱਖ ਇਕ ਦੂਜੇ ਨੂੰ ਆਖਣ ਲੱਗੇ ਅੱਗੇ ਤਾਂ ਕਦੇ ਇੰਝ ਨਹੀਂ ਹੋਇਆ। ਨੌਂਵਾਂ ਗੁਰੂਆਂ ਦੇ ਸਮੇਂ ਬਹੁਤ ਕੁਝ ਹੁੰਦਾ ਡਿੱਠਾ ਹੈ ਪਰ ਇਹ ਤਾਂ ਉਹਨਾਂ ਮਹਨਾਂ ਨਲੋਂ ਵੀ ਕੋਈ ਅਲੋਕਾਰ ਘਟਨਾ ਸੀ।

ਭੱਜੇ ਭੱਜੇ ਮਸੰਦ ਮਾਤਾਵਾਂ ਕੋਲ ਗਏ। 'ਹਟਾਓ ਮਾਤਾ ਜੀ ਹਟਾਓ! ਗੁਰੂ ਜੀ ਲੱਗ ਨੇ ਸਿੱਖਾਂ ਨੂੰ ਵੱਢਣ, ਅਸੀਂ ਐਵੇਂ ਤਾਂ ਨਹੀਂ ਸੀ ਆਖਦੇ ਦੇਵੀ ਪੁੱਠੀ ਪੈ ਗਈ ਹੈ। ਦਿਮਾਗ ਟਿਕਾਣੇ ਨਹੀਂ ਰਿਹਾ, ਕਦੇ ਕਿਸੇ ਨੇ ਬਦਿਆਂ ਦੀ ਵੀ ਵੱਢ ਵੱਢ ਕੇ ਇਉਂ ਬਲੀ ਦਿੱਤੀ ਹੈ ਤੇ ਫਿਰ ਭਰੀ ਸਭਾ ਵਿਚ ਦਿਨ ਦਿਹਾੜੇ ਲਲਕਾਰ ਕੇ। ਇਹਨਾਂ ਨੂੰ ਤਾਂ ਦੇਵੀ ਪੁੱਠੀ ਪੈ ਗਈ ਹੈ:

'ਉਲਟੀ ਪਰੀ ਯਾ ਪਰ ਸੁ ਭਵਾਨੀ,
ਤਾ ਤੇ ਇਨ ਕੀ ਮਤ ਬਵਰਾਨੀ।

(ਗੁ: ਬਿ: ਮ:)

ਲਾਹੌਰ ਦਾ ਇਕ ਸਿੱਖ ਉਠਿਆ, ਉਸ ਦਾ ਨਾਂ ਦਯਾ ਰਾਮ ਸੀ, ਪਰ ਇਤਨੇ ਨੂੰ ਉਹ ਆਪਣਾ ਸਿਰ ਭੇਟਾ ਕਰ ਕੇ ਹੁਣ 'ਸਿੰਘ' ਪਦ ਉਤੇ ਬਿਰਾਜ ਚੁਕਾ ਸੀ। ਭਾਈ ਗੁਰਦਾਸ ਜੀ ਨੇ ਠੀਕ ਹੀ ਕਿਹਾ ਹੈ:—

'ਪੰਜਾਬੇ ਗੁਰੂ ਕੀ ਵਡਿਆਈ।
ਤਾਂ ਕੀ ਭੁਜਾ ਪੁਕਾਰ ਗੁਰਦੇਵਾ।
ਲੈ ਗਏ ਤੰਬੂ ਅਹਿਮਾ ਭੇਵਾ।

(ਗੁ: ਬਿਲਾਸ ਮ:)

ਸਿੱਖੀ ਨੂੰ ਪੰਜਾਬ ਨੇ ਆਪਣੇ ਪੰਘੂੜੇ ਵਿਚ ਪਾਲਿਆ, ਵੱਡਾ ਤੇ ਜੁਆਨ ਕੀਤਾ ਹੈ, ਹੁਣ ਪੂਰਨਤਾ ਦੇਣ ਲਈ ਪੰਜਾਬ ਨੇ ਪਹਿਲ ਕੀਤੀ। ਜਿਉਂ ਹੀ ਲਹੂ ਦੀ ਲਾਲ ਧਾਰਾ ਤੰਬੋਟੀ ਤੋਂ ਬਾਹਰ ਆਈ, ਦਹਿਸ਼ਤ ਫੈਲ ਗਈ। ਖ਼ੂਨ! ਖ਼ੂਨ!! ਏਥੇ ਤਾਂ ਖ਼ੂਨ ਵਹਿ ਰਿਹਾ ਹੈ?

'ਕਟੇ ਸਿੱਖ ਲੋਗਨ ਲਗ ਸਾਚਯੋ,
ਹਾ ਹਾ ਕਾਰ ਸਭਾ ਮੈਂ ਮਾਚਿਓ।
ਊਚ ਨੀਚ ਨਾਰੀ ਨਰ ਸਭ ਹੀ,
ਨਿੰਦਨ ਲੱਗੇ ਗੁਰੂ ਕੋ ਤਬ ਹੀ।

(ਪੰਥ ਪ੍ਰਕਾਸ਼)



www.AKJ.Org

ਹਮਾਤੜ ਕੱਚੇ ਪਿੱਲੇ ਘੋਰ ਮਸੋਰ ਕਰਨ ਲੱਗੇ. ਕਈ ਚਤਰ ਖਿਸਕੰਤਰ ਹੋ ਗਏ। ਇਕ ਦਮ ਗੁਰੂ ਜੀ ਫਿਰ ਓਸੇ ਸਿੰਘਾਸਨ ਤੇ ਆ ਖੜੇ, ਐਨ ਓਸੇ ਤਰ੍ਹਾਂ, ਪਰ ਵਾਧਾ ਇਹ ਸੀ ਕਿ ਇਸ ਵਾਰੀ ਤਲਵਾਰ ਖ਼ੂਨ ਨਾਲ ਲੱਥ ਪੱਥ ਸੀ। ਗੁਰੂ ਜੀ ਪਹਿਲਾਂ ਨਾਲੋਂ ਹੋਰ ਗੰਭੀਰ ਮੁੱਦਰਾ ਵਿਚ ਸਨ। ਭੌਹਾਂ ਚੜ੍ਹੀਆਂ ਹੋਈਆਂ, ਮੱਥਾ ਭਖਦਾ ਲਾਲ ਸੁਰਖ਼। ਫੁਰਤੀ ਨਾਲ ਫਿਰ ਪਹਿਲੀ ਥਾਂ ਆਏ ਤੇ ਬੋਲੇ -- ਹੈ ਕੋਈ ਸਿੱਖ ਜੋ ਇਸ ਤਲਵਾਰ ਅੱਗੇ ਸਿਰ ਭੇਟ ਕਰਨ ਨੂੰ ਤਿਆਰ ਹੋਵੇ, ਪਹਿਲਾਂ ਨਾਲੋਂ ਹੁਣ ਦੂਜੀ ਵਾਰੀ ਆਉਣ ਤਕ ਇਕੱਠ ਵਿਚ ਕਈ ਥਾਂ ਛਿੱਦ ਪੈ ਗਈ ਸੀ, ਪਰ ਜੋ ਸਿੱਖ 'ਹਮ ਸਿਰ ਬੇਚਿਓ ਗੁਰ ਕੇ' ਪੜ੍ਹਦੇ ਸੀ, ਕੀ ਉਹ ਪੜ੍ਹਨ ਮਾਤਰ ਸੀ, ਨਾ ਕਿ ਵੇਚੇ ਹੋਏ ਸਿਰਾਂ ਵਾਲਿਆਂ ਦੇ ਅੰਦਰਲੇ ਬਾਹਰਲੇ ਦੀ ਏਕਤਾ ਪ੍ਰਗਟਾਉਣ ਲਈ ?

ਹਸਤਨਾਪੁਰ ਦਿੱਲੀ ਦਾ ਧਰਮਾ ਜੱਟ ਉਠਿਆ। ਧੰਨ ਸਿਦਕ, ਧੰਨ ਸਿੱਖੀ, ਚੁੱਪ ਧੁਨੀ ਹਵਾ ਦਾ ਰੂਪ ਹੋ ਕੇ ਸਾਰੇ ਪਸਰ ਰਹੀ ਸੀ। ਸਿੱਖ ਆਪਣੇ ਬੁੱਲ੍ਹਾਂ ਵਿਚ ਗੁਣ ਗੁਣਾ ਰਿਹਾ ਸੀ–

'ਤਨ ਮਨ ਧਨ ਸਭ ਸਉਪ ਗੁਰ ਕਉ
ਹੁਕਮ ਮੰਨਿਆ ਪਾਈਐ।'

ਇਸ ਨਾਚੀਜ਼ ਦੇ ਸਿਰ ਦੀ ਭੇਂਟ ਕਬੂਲ ਕਰੋ ਹਜ਼ੂਰ ! ਸਿੱਖੀ ਦਾ ਦੂਜਾ ਪੜਾ ਦਿੱਲੀ ਜੋ ਬਣਨਾ ਸੀ। ਦਿੱਲੀ (ਹਸਤਨਾਪੁਰ) ਦੀ ਮੋਈ ਮਿੱਟੀ ਜੀਉਂਦੀ ਜੋ ਹੋਣੀ ਸੀ ? ਸਿੱਖ ਨੇ ਸਿਰ ਨਿਵਾਇਆ, ਗੁਰੂ ਜੀ ਸਿੱਖ ਨੂੰ ਬਾਹੋਂ ਫੜਿਆ। ਮਮਤਾ ਭਰੀ ਗੌਰਵਤਾ ਨਾਲ ਅੰਦਰ ਲੈ ਗਏ। ਤਲਵਾਰ ਦੇ ਵਾਰ ਦੀ ਆਵਾਜ਼ ਆਈ, ਤੰਬੂ ਵਿਚੋਂ ਵਗ਼ਦੀ ਧਾਰ ਹੋਰ ਅੱਗੇ ਵਧੀ. ਹੁਣ ਤਲਵਾਰ ਖ਼ੂਨ ਨਾਲ ਪੂਰੀ ਤਰ੍ਹਾਂ ਲੱਥ ਪੱਥ ਹੋ ਗਈ ਸੀ। ਖ਼ੂਨ ਦੀਆਂ ਹੁਣ ਛਿਟਾਂ ਦੇ ਟੇਪੇ ਟਿੱਪ ਟਿੱਪ ਕਰ ਕੇ ਡਿਗ ਰਹੇ ਸੀ। ਹੁਣ ਤੀਜੀ ਵਾਰੀ ਆਏ ਤਾਂ ਪਹਿਲਾਂ ਨਾਲੋਂ ਵੱਧ ਖਲਬਲੀ ਮਚ ਚੁਕੀ ਸੀ। ਗੁਰੂ ਜੀ ਇਹ ਕਰ ਕੀ ਰਹੇ ਹਨ, ਇਸ ਤਰ੍ਹਾਂ ਤਾਂ ਇਕ ਇਕ ਕਰ ਕੇ ਸਾਰੇ ਸਿੱਖਾਂ ਨੂੰ ਵੱਢ ਮੁਕਾਉਣਗੇ। ਖ਼ਬਰੇ ਇਹ ਗੱਲ ਕਦੋਂ ਤਕ ਚਲੇਗੀ ? ਸਿੱਖੀ ਕਿਤੇ ਵੱਢਿਆਂ ਵਧੇਗੀ ? ਪਹਿਲੇ ਗੁਰੂਆਂ ਨੇ ਤਾਂ ਇਉਂ ਕਦੇ ਨਹੀਂ ਸੀ ਕੀਤਾ ? ਇਹ ਗੁਰੂ ਜੀ ਜੁਆਨ ਹਨ। ਕਈ ਕਹਿਣ ਅਜੇ ਬੱਚੇ ਹਨ ਤਾਂ ਹੀ ਤਾਂ ਸਿੱਖਾਂ ਦੀਆਂ ਜਾਨਾਂ ਨਾਲ ਖੇਡ ਰਹੇ ਹਨ। ਚੰਗੀ ਤਲਵਾਰ ਹੱਥ ਆਈ ਹੈ ਇਹਨਾਂ ਦੇ—

ਊਚ ਨੀਚ ਸਭਿ ਹੀ ਨਰ ਨਾਰੀ,
ਨਿੰਦਾ ਪ੍ਰਭੁ ਕੀ ਕਰੈ ਸੁ ਭਾਰੀ।
(ਗੁਰ ਬਿ:)

ਕੌਣ ਜਾਣੇ ਮਾਲੀ ਪਿਉਂਦ ਕਰਨ ਲਈ ਕੋਮਲ ਕਰੂੰਬਲਾਂ ਨੂੰ ਕਿਵੇਂ ਕਲਮ ਕਰ ਦਿੰਦਾ ਹੈ। ਓਸੇ ਮੰਚ ਤੋਂ ਮੁੜ ਮੁੜ ਉਹੋ ਵੰਗਾਰ ਪੈ ਰਹੀ ਸੀ। ਘਣ ਦੀ ਸੱਟ ਜਿਹੇ ਗਿਣਵੇਂ ਸ਼ਬਦ ਗੁਰੂ ਜੀ ਦੇ ਮੂੰਹੋਂ ਨਿਕਲੇ ਤੇ ਵਾਯੂ ਮੰਡਲ ਵਿਚ ਧੁਨੀ ਬਣ ਕੇ ਛਾ ਗਏ। 'ਮੈਨੂੰ ਹਾਲਾਂ ਹੋਰ ਸਿਰਾਂ ਦੀ ਲੋੜ ਹੈ। ਕੋਈ ਹੈ ਜੋ ਸੀਸ ਭੇਂਟ ਕਰੇ ?' ਪਰ ਜਿਨ੍ਹਾਂ ਨੇ ਪ੍ਰੇਮ ਦੀ ਗਲੀ ਚੁਣੀ ਹੁੰਦੀ ਹੈ, ਉਹ ਸੀਸ ਤਲੀ ਉਤੇ ਹੀ ਰੱਖ ਕੇ ਚਲਦੇ ਹਨ : -

'ਜੇ ਤਉ ਪ੍ਰੇਮ ਖੇਲਣ ਕਾ ਚਾਉ,
ਸਿਰ ਧਰ ਤਲੀ ਗਲੀ ਮੋਰੀ ਆਉ।'

ਇਹਨਾਂ ਵਾਕਾਂ ਨੂੰ ਸੁੱਚਾ ਕਰਨ ਲਈ, ਮੁਹਕਮ ਛੀਂਬਾ ਅੱਗੇ ਵਧਿਆ :—

'ਇਤ ਮਾਰਗ ਪੈਰ ਧਰੀਜੈ,
ਸਿਰ ਦੀਜੈ ਕਾਣ ਨ ਕੀਜੈ।'



www.AKJ.Org

ਜਦੋਂ ਗੁਰੂ ਜੀ ! ਹੋ ਹੀ ਤੁਹਾਡੇ ਸਿੱਖ ਗਏ ਤਾਂ ਇਹ ਸਿਰ ਦੇਣ ਵਿਚ ਝਿਜਕ ਕੀ ਹੋ ਸਕਦੀ ਹੈ ? ਸਿਰ ਹਾਜ਼ਰ ਹੈ ? ਦਰਸ਼ਕਾਂ ਵਿਚ ਹੈਰਾਨੀ ਦਾ ਵਾਅ-ਮੰਡਲਤਾਰੀ ਹੋ ਰਿਹਾ ਸੀ, ਹੈਂ ? ਸਿਰ ਦੇਣ ਵਾਲੇ ਹਾਲਾਂ ਵੀ ਨਿਕਲ ਰਹੇ ਹਨ ? ਭਰੇ ਇਕੱਠ ਵਿਚੋਂ ਬਲੀ ਦੇਣ ਲਈ ਅੱਗੇ ਵਧ ਰਹੇ ਹਨ। ਧੰਨ ਗੁਰੂ, ਧੰਨ ਗੁਰੂ ਪਿਆਰੇ, ਕਈ ਸਿੱਖ ਸਿੱਖੀ ਦੇ ਬਲਿਹਾਰ ਜਾਂਦੇ ਹਨ, ਪਰ ਹੈਰਾਨ ਹੁੰਦੇ ਹੋਏ। ਸਿੱਖ ਦੇ ਮੂੰਹੋਂ ਨਹੀਂ ਲੂੰ ਲੂੰ ਵਿਚੋਂ ਵੀ ਇਹ ਧੁਨੀ ਨਿਕਲ ਰਹੀ ਸੀ : ਮੇਰੇ ਮਾਲਕ ! ਇਹ ਸਿਰ ਤਾਂ ਓਸੇ ਦਿਨ ਤੋਂ ਤੁਹਾਡੀ ਅਮਾਨਤ ਬਣ ਚੁਕੀ ਫਿਰ ਰਿਹਾ ਹਾਂ, ਜਿਸ ਦਿਨ ਤੋਂ ਤੁਹਾਡੇ ਅੱਗੇ ਸਿਰ ਝੁਕਾਇਆ ਸੀ, ਮੇਰਾ ਇਸ ਵਿਚ ਕੀ ਹੈ, ਸੰਭਾਲ ਆਪਣੀ ਵਸਤ :—

ਜਿਸ ਕੀ ਵਸਤ ਤਿਸ ਆਗੈ ਰਾਖੈ,
ਪ੍ਰਭ ਕੀ ਆਗਿਆ ਮਾਨੈ ਮਾਥੈ।'

ਸਿੱਖ ਸੁਖਮਨੀ ਦੀ ਧੁਨੀ ਵਿਚ ਮਸਤ ਹੋਇਆ ਅੱਗੇ ਵਧਿਆ ਤੇ ਸਿਰ ਗੁਰੂ ਜੀ ਦੇ ਚਰਨਾਂ ਉੱਤੇ ਰੱਖ ਦਿੱਤਾ। ਜੇ ਮੇਰੇ ਇਸ ਸਿਰ ਨੂੰ ਆਪ ਸਫਲਾ ਕਰੋ ਤਾਂ ਇਸ ਨਾਲੋਂ ਹੋਰ ਚੰਗੇ ਭਾਗ ਕੀ ਹੋ ਸਕਦੇ ਹਨ। ਸਾਦੇ ਕੱਪੜਿਆਂ ਵਿਚ ਲਿਪਟਿਆ ਰਜੀਆ ਤੇ ਕਿਰਤੀ ਸਿੱਖ, ਔਹ ਦੇਖੋ, 'ਗਿਆਨਹਿ ਆਸਣ' ਤੇ ਚੜ੍ਹ ਕੇ ਕਿਵੇਂ ਪ੍ਰੇਮ ਹੁਲਾਰੇ ਖਾ ਰਿਹਾ ਹੈ। 'ਆ ਭਾਈ ਸਿੱਖਾ, ਸਿੱਖੀ ਦਾ ਮਾਰਗ ਖੰਡੇ ਦੀ ਧਾਰ ਉਤੇ ਚੱਲਣਾ ਹੀ ਹੈ, 'ਦਸ਼ਮੇਸ਼ ਜੀ ਇਹ ਆਖਦੇ ਹੋਏ ਇਕ ਹੱਥ ਵਿਚ ਤਲਵਾਰ ਘੁੰਮਾਉਂਦੇ ਦੂਜੇ ਹੱਥ 'ਮੋਹਕਮ' ਸਿੱਖ ਨੂੰ ਲੈ ਕੇ ਤੰਬੂ ਵਿਚ ਚਲੇ ਗਏ। ਇਸ ਵਾਰੀ ਤਲਵਾਰ ਦਾ ਖੜਾਕ ਬਾਹਰ ਬੈਠੀ ਸੰਗਤ ਨੂੰ ਪਹਿਲਾਂ ਨਾਲੋਂ ਵੱਧ ਸੁਣਿਆ ਕਿਉਂਕਿ ਹੁਣ ਘੋਰ-ਮਸੋਰੇ ਕਰਨ ਵਾਲੇ ਉਠ ਗਏ ਸਨ। ਸਾਰੇ ਪਾਸੇ ਚੁੱਪ ਵਰਤ ਰਹੀ ਸੀ, ਤੇ ਜੋ ਬੈਠੇ ਸਨ ਹੈਰਾਨ ਪਰੇਸ਼ਾਨ ਬੁੱਤਾ ਵਾਂਗ ਚੁੱਪ ਚਾਪ ਸਨ।

ਗੁਰੂ ਜੀ ਦੀ ਤਲਵਾਰ ਹੁਣ ਖ਼ੂਨ ਨਾਲ ਪੂਰੀ ਤਰ੍ਹਾਂ ਲੱਥ ਪੱਥ ਸੀ। ਤੰਬੂ ਤੋਂ ਬਾਹਰ ਆਉਂਦੀ ਖ਼ੂਨ ਦੀ ਧਾਰਾ ਹੋਰ ਤੇਜ਼ੀ ਨਾਲ ਅੱਗੇ ਵੱਧ ਰਹੀ ਸੀ। ਖ਼ੂਨ ! ਖ਼ੂਨ !! ਖ਼ੂਨ !!! ਇਸ ਖ਼ੂਨੀ ਹਾਦਸੇ ਨਾਲ ਬੈਠੇ ਹੋਏ ਲੋਕਾਂ ਦੇ ਖ਼ੂਨ ਜੰਮ ਰਹੇ ਸੀ, ਜੁੱਸ਼ੇ ਕੰਬ ਰਹੇ ਸੀ। ਕੀ ਭਾਣਾ ਵਰਤ ਰਿਹਾ ਹੈ, ਕੌਣ ਜਾਣੇ ? ਦਸ਼ਮੇਸ਼ ਜੀ ਫਿਰ ਫੁਰਤੀ ਨਾਲ ਪਹਿਲੀ ਥਾਂ ਆਂ ਖੜੇ, 'ਆਓ ਕੋਈ ! ਜੋ ਗੁਰੂ ਕੀ ਇੱਛਿਆ ਤੋਂ ਸਿਰ ਵਾਰਨੇ ਕਰਨਾ ਚਾਹੁੰਦਾ ਹੈ।'

ਕਹਿੰਦੇ ਨੇ ਇਕੱਠ ਵਿਚ ਕੁਝ ਚਿਰ ਘੁਸਰ ਮੁਸਰ ਹੋਈ। 'ਗੁਰੂ ਜੀ ਨੇ ਕਿਤਨੇ ਕੁ ਸਿੱਖਾਂ ਦੇ ਸਿਰ ਵੱਢਣੇ ਹਨ। ਇਹਨਾਂ ਦੀਆਂ ਬਾਹਵਾਂ ਕਿਉਂ ਨਹੀਂ ਥਕਦੀਆਂ ? ਮਨ ਕਿਉਂ ਨਹੀਂ ਪਸੀਜਦਾ ! ਆਖ਼ਰ ਇਹ ਸਿੱਖ ਵੀ ਤਾਂ ਕਿਸੇ ਮਾਂ ਦੇ ਪੁੱਤਰ ਹਨ, ਬਾਲ ਪ੍ਰਵਾਰ ਵਾਲੇ ਵੀ ਹੋਣਗੇ, ਇਹ ਤਾਂ ਸਿੱਖਾਂ ਨੂੰ ਬਕਰਿਆਂ ਵਾਂਗ ਵੱਢਣ ਲੱਗੇ ਹੋਏ ਹਨ।'

ਇਨ ਕੋ ਕਹਾਂ ਸਿਰਰ ਹੋਇ ਗਇਓ,
ਅਜਾ ਸੁਆਨ ਜਿਨ ਸਿਖਨ ਘਾਯੋ।'

(ਗੁਰ: ਬਿ: ਮ:)

ਜਿਵੇਂ ਅੰਦਰੋ ਅੰਦਰੀਂ ਇਕ ਦੂਜੇ ਨਾਲ ਇਹੋ ਗੱਲਾਂ ਕਰ ਰਹੇ ਹੋਣ।

ਪਰ ਔਹ ਦੇਖੋ, 'ਮੇਰਾ ਸਿਰ ਸਾਧ ਪੱਗਾਂ ਹੇਠ ਰੁਲਸੀ ਹੇ।' ਪੜ੍ਹਨ ਵਾਲਾ ਸਾਹਿਬ ਨਾਈ ਆਪਣੇ ਮਥੇ ਦੀ ਰੇਖਾ ਨੂੰ ਧੰਨ ਕਹਿਕੇ ਉਠਿਆ, ਤੇ ਏਹੋ ਤੁੱਕ ਪੜ੍ਹਦਿਆਂ ਆਪਣਾ ਸਿਰ ਗੁਰੂ ਜੀ ਦੇ ਚਰਨਾਂ ਉਤੇ ਰੱਖ ਦਿੱਤਾ। ਧੰਨ ਸਿੱਖੀ ! ਸਦਕੇ ਸਿੱਖਾਂ, ਦਸ਼ਮੇਸ਼ ਜੀ ਨੇ ਸਿੱਖ ਦੀਆਂ ਅੱਖਾਂ ਵਿਚ ਅੱਖਾਂ ਪਾਈਆਂ, ਫੇਰ ਕਿਹਾ, 'ਧੰਨ ਸਿੱਖੀ ! 'ਸਿੱਖਾ' ਤੇਰੀ ਘਾਲਿ ਥਾਇ ਪਈ', ਪਰ



www.AKJ.Org

ਨਾਲ ਹੀ ਤਲਵਾਰ ਵਾਲੇ ਹੱਥ ਵਿਚ ਚੰਡੀਂ ਘੁਮਾਉਂਦੇ ਦੂਜੇ ਹੱਥ ਨਾਲ ਸਿੱਖ ਦੀ ਪਿੱਠ ਉਤੇ ਥਾਪੀ ਦਿੰਦੇ ਹੋਏ ਉਸ ਨੂੰ ਵੀ ਕੁਰਬਾਨੀ ਦੇ ਬਕਰੇ ਵਾਂਗ ਫੜ ਕੇ ਤੰਬੂ ਦੇ ਅੰਦਰ ਲੈ ਗਏ ।

ਤਲਵਾਰ ਘੂਕੀ, ਉਸ ਦੀ ਤੇਜ਼ ਧਾਰ ਨੇ ਫਿਰ ਇਕ ਸਿਰ ਲਾਹ ਮਾਰਿਆ । ਤੰਬੂ ਦੇ ਇਕ ਪਾਸੇ ਵਲ ਖ਼ੂਨ ਦੀਆਂ ਘਰਾਲਾਂ ਵਗ ਰਹੀਆਂ ਸੀ । ਤਲਵਾਰ ਦੇ ਮੁੱਠੇ ਤਕ ਲੱਥ ਪੱਥ ਸੀ । ਉਸ ਦੇ ਜੁੱਸੇ ਦੇ ਹਰ ਥਾਂ ਤੋਂ ਖ਼ੂਨ ਦੇ ਟੇਪੇ ਚੋ ਰਹੇ ਸਨ । ਗੁਰੂ ਜੀ ਦੇ ਜੋੜੇ, ਜਾਮੇ,—ਅੰਗ ਰੱਖੇ ਤੇ ਕਮਰ ਕੱਸੇ ਉਤੇ ਭੀ ਤਾਜ਼ੇ ਤਾਜ਼ੇ ਖ਼ੂਨ ਦੇ ਛਿੱਟੇ ਪਏ ਹੀ ਹੋਣਗੇ । ਓਧਰ ਗੁਰੂ ਕੇ ਮਹਿਲਾਂ ਵਿਚ ਸਹਿਮ ਛਾ ਗਿਆ । ਪਤਾ ਨਹੀਂ ਕੀ ਹੋ ਰਿਹਾ ਹੈ, ਗੁਰੂ ਜੀ ਸਿੱਖਾਂ ਦੇ ਸਿਰ ਵੱਢੀ ਜਾ ਰਹੇ ਹਨ । ਪਰ ਹਾਲਾਂ ਤਾਂ ਇਕ ਦੀ ਕਮੀ ਹੈ । ਯੱਗ ਦੀ ਅੰਤਮ ਆਹੂਤੀ ਤਾਂ ਪੈਣੀ ਹੈ ਤਦ ਕਿਧਰੇ ਜਾ ਕੇ 'ਪੰਚ ਪ੍ਰਵਾਨ ਪੰਚ ਪ੍ਰਧਾਨ' ਬਣਨਗੇ, ਇਸ ਭਾਵਨਾ ਨੂੰ ਕੌਣ ਜਾਣੇ । ਇਸ ਵਾਰੀ ਦਸਮੇਸ਼ ਜੀ ਦੇ ਚੇਹਰੇ ਦਾ ਜਲਾਲ ਝਲਿਆ ਨਹੀਂ ਸੀ ਜਾ ਰਿਹਾ । ਉਹ ਆਪਣੀ ਸਫਲਤਾ ਦੇ ਨੇੜੇ ਪੁਜ ਗਏ ਸੀ, ਸਿੱਖ ਪ੍ਰੀਖਿਆ ਵਿਚ ਪੂਰੇ ਉਤਰ ਰਹੇ ਸੀ, ਸਿੱਖੀ ਸਿੱਖਰਾਂ ਵਲ ਨੂੰ ਜੋ ਉਭਰ ਰਹੀ ਸੀ । ਗੁਰੂ ਜੀ ਦੀ ਇੱਛਿਆ ਦੀ ਪੂਰਤੀ ਜੋ ਹੋ ਰਹੀ ਸੀ ।

'ਲਓ ਗੁਰੂ ਜੀ ਤਾਂ ਹਾਲਾਂ ਹੋਰ ਸਿਰ ਮੰਗ ਰਹੇ ਸਨ, ਲੋਕਾਂ ਮੁੜ ਕੰਨ ਖੜੇ ਕਰ ਲਏ ਮੰਚ ਉਪਰਲੇ ਤਖ਼ਤ ਉਤੇ ਖੜੇ ਗੁਰੂ ਜੀ ਪਹਿਲਾਂ ਦੀ ਤਰ੍ਹਾਂ ਵੰਗਾਰ ਰਹੇ ਸੀ :

ਇਕ ਹੋਰ ਸਿਰ ਦੀ ਲੋੜ ਹੈ । ਕੋਈ ਸਿੱਖ ਆਵੇ ਜੋ ਆਪਣਾ ਸਿਰ ਦੇਵੇ, ਸਿੱਖੇ ਸਿੱਖੀ ਔਖੀ ਹੈ, 'ਖੰਡੇ ਧਾਰ ਗਲੀ ਅਤਿ ਭੀੜੀ' ਪਰ ਸਿੱਖਾਂ ਵਿਚੋਂ ਕਿਤਨਿਆਂ ਕੁ ਨੂੰ ਇਹ ਪਤਾ ਸੀ ਕਿ ਉਹ ਅਨੰਦ ਸਾਹਿਬ ਵਿਚ ਨਿਤ ਸੁਣਦੇ ਪੜ੍ਹਦੇ ਰਹੇ ਹਨ :—

'ਤਨ ਮਨ ਧਨ ਸਭ ਸਉਂਪ ਗੁਰ ਕਉ,
ਹੁਕਮ ਮੰਨਿਆਂ ਪਾਈਐ ।'

ਕੀ ਇਹ ਗੱਲ ਕੇਵਲ ਉਪਦੇਸ਼ ਜਾਂ ਕਥਨ ਮਾਤਰ ਹੈ ਜਾਂ ਅਮਲ ਦਾ ਰੂਪ ਧਾਰਨ ਕਰਨ ਵਾਲੀ ਵੀ । ਇਕ ਸਿੱਖ ਦੀ ਜੀਵਨ ਦੀ ਧਾਰਨਾ ਨੇ ਇਸ ਦਾ ਪਰਮਾਣ ਪੇਸ਼ ਕੀਤਾ । ਜਦੋਂ ਉਹ ਨਿਮਰਤਾ ਸਹਿਤ ਦੋਵੇਂ ਹੱਥ ਜੋੜ ਕੇ ਗੁਰੂ ਜੀ ਦੇ ਚਰਨਾਂ ਉਤੇ ਢਹਿ ਪਿਆ । ਇਹ 'ਹਿੰਮਤ' ਝੀਵਰ ਸੀ, ਗੁਰੂ ਜੀ ਨੇ ਸਿੱਖ ਨੂੰ ਆਪਣੀ ਤਲਵਾਰ ਦੇ ਗਲੇ ਲਗਾਇਆ । ਸਿੱਖ ਨੇ ਸਿਰ ਨਿਵਾਇਆ । ਪਹਿਲਿਆਂ ਵਾਂਗ ਤੰਬੂ ਵਿਚ ਲੈ ਗਏ ਇਸ ਵਾਰੀ ਤਲਵਾਰ ਦਾ ਆਖ਼ਰੀ ਵਾਰ ਹੋਇਆ, ਇਹ ਪਹਿਲਿਆਂ ਨਾਲੋਂ ਵੱਡਾ ਖੜਾਕ ਸੀ । ਖ਼ੂਨ ਨੇ ਵਹਿਣਾ ਹੀ ਸੀ, ਤਲਵਾਰ ਨੇ ਖ਼ੂਨ ਨਾਲ ਨਹਾਉਣਾ ਹੀ ਸੀ, ਪਰ ਥੋੜੀ ਦੇਰ ਬਾਅਦ ਅੰਦਰਲੀ ਤੇ ਬਾਹਰਲੀ ਚੁੱਪ ਮਧੁਰ-ਮਿਲਣੀ ਵਿਚ ਇਕ ਰੂਪ ਹੋਈਆਂ ਰਹੀਆਂ । ਮਾਲੀ ਨੇ ਆਪਣੇ ਪੌਦਿਆਂ ਨੂੰ ਕਲਮ ਕਰ ਕੇ ਪਿਉਂਦ ਕਰ ਲਿਆ ਸੀ । ਨਵੇਂ ਜੀਵਨ ਦੀ ਰੌਅ ਰੁਮਕ ਪਈ । ਹੁਣ ਜੀਵਨ ਜੇਤੂਆਂ ਦੇ ਮੂੰਹਾਂ ਉਤੇ ਨਵਾਂ ਜਲਾਲ ਸੀ, ਨੂਰੀ ਪ੍ਰਕਾਸ਼ ਸੀ । ਗੁਰੂ ਜੀ ਨੇ ਸਿੱਖਾਂ ਦੇ ਸਿਰ ਵੱਢ ਕੇ ਜੋੜੇ ਸੀ ਕਿ ਸਿਖਾਂ ਦੀ ਥਾਂ ਬਕਰੇ ਵੱਢਣ ਦਾ ਨਾਟਕ ਕੀਤਾ ਗਿਆ ਸੀ ? ਇਹ ਗੱਲ ਬੁਝਾਰਤ ਹੀ ਰਹੀ ਤੇ ਅੱਜ ਤਕ ਬੁਝਾਰਤ ਹੀ ਬਣੀ ਆ ਰਹੀ ਹੈ । ਕੌਣ ਹੀਆ ਕਰਦਾ ਤੰਬੂ ਵਿਚ ਜਾ ਕੇ ਦੇਖਣ ਦਾ । ਆਖ਼ਰ ਉਹੋ ਹੀ ਅੱਖੀਂ ਦੇਖੀ ਗੱਲ ਦਸਦਾ, ਜਿਸ ਦੇਖੀ ਹੁੰਦੀ । ਕੋਈ ਕੁਝ ਕਹੇ ਇਹ ਗੱਲ ਨਿਰਸੰਦੇਹ ਹੈ, ਸਿੱਖਾਂ ਨੇ ਸਿਰ ਦਿੱਤੇ ਸਨ, ਗੁਰੂ ਜੀ ਨੇ ਸਿਰ ਲਏ ਸੀ । ਉਹ ਮੋਏ ਜੀਵਾਲੇ ਸਨ, ਅਮਰ ਕੀਤੇ ਹੋ ਸਨ ਤੇ ਉਨ੍ਹਾਂ ਦੇ ਰਾਹੋਂ ਖ਼ਾਲਸਾ ਅਮਰ ਕੀਤਾ ਸੀ । ਅਜੇਹੇ 'ਗੁਰੂ' ਦੇ ਰੂਪ ਵਿਚ



www.AKJ.Org

ਜਿਸ ਨੇ ਵੱਢਿਆਂ ਕਦੇ ਮੁਕਣਾ ਹੀ ਨਹੀਂ ਤੇ ਜਦੋਂ ਵਾਢ ਪੈਂਦੀ ਰਹੀ ਹੋਰ ਵਧਦਾ ਰਿਹਾ ਹੈ ਤੇ ਇਹ ਝੂੰਮ ਝੂੰਮ ਕੇ ਗਾਉਂਦਾ ਰਿਹਾ ਹੈ :—

'ਮਨੂੰ ਸਾਡੀ ਦਾਤਰੀ ਅਸੀਂ ਮਨੂੰ ਦੇ ਸੋਏ,
ਜਿਉਂ ਜਿਉਂ ਮਨੂੰ ਵੱਢਦਾ ਦੂਣੇ ਚੌਣੇ ਹੋਏ ।

ਪੰਜਾਂ ਸਿੱਖਾਂ ਦੇ ਸੁੰਦਰ ਇਕੋ ਜਿਹੇ ਜੋੜੇ ਜਾਮੇ ਪਾਏ ਗਏ। ਕਮਰਕੱਸੇ ਬੰਨ੍ਹੇ ਗਏ, ਹਥਿਆਰ ਸਜਾਏ ਗਏ । ਸਾਹਮਣੇ ਖੜੇ ਇਕ ਇਕ ਸਿੱਖ ਨੂੰ ਗੁਰੂ ਜੀ ਨੇ ਘੁੱਟ ਕੇ ਗਲੇ ਲਗਾਇਆ । ਕਿਹਾ ਤੁਸੀਂ ਮੇਰੇ ਹੋ, ਮੈਂ ਹੁਣ ਤੁਹਾਡਾ । ਤੁਸੀਂ ਮੇਰੇ ਆਪਣੇ ਹੋ, ਖ਼ਾਲਸਾ ਹੋ ਗਏ ਹੋ, ਮੇਰੇ ਰੂਪ ਬਣ ਗਏ ਹੋ, ਮੇਰੀ ਜੋਤ ਨਾਲ ਅਭੇਦ ਹੋ ਗਏ ਹੋ, ਖਾਲਸਾ ਆਤਮ ਜੋਤੀ. ਤੁਸੀਂ ਜਾਗਰਿਤ ਜੋਤ ਨਾਲ ਜੁੜ 'ਨਿਖਾਲਸ ਖਾਲਸਾ' ਬਣ ਗਏ ਹੋ । ਤੁਸੀਂ ਹੁਣ ਮੇਰੇ ਪਿਆਰੇ ਬਣ ਗਏ ਹੋ । ਪੰਜੇ ਪਿਆਰੇ । ਜੀਵਨ ਦੀ ਬਾਜ਼ੀ ਦੇ ਜੇਤੂ ਅਭੈ-ਪਦ ਦੇ ਧਾਰਨੀ, ਮੌਤ ਉਤੇ ਜ਼ਿੰਦਗੀ ਨੂੰ ਤੁਹਾਡੇ ਰਾਹੀਂ ਅਸੀਂ ਵਿਜਈ ਕਰ ਦਿੱਤਾ ਹੈ ।

ਇਨ੍ਹਾਂ ਪੰਜਾਂ ਸਮੇਤ, ਜ਼ਿਨ੍ਹਾਂ ਦੇ ਰੂਪ ਹੋਰ ਦੇ ਹੋਰ ਹੋ ਗਏ ਸਨ, ਇਕ ਛੋਟਾ ਜਿਹਾ ਜਲੂਸ ਸਹਿਮੇ ਹੋਏ ਇਕੱਠ ਦੇ ਸਾਹਮਣੇ ਆਇਆ, ਤਾਂ ਹੈਰਾਨੀ ਨਾਲ ਸਾਰਿਆਂ ਦੀਆਂ ਅੱਖੀਆਂ ਟੱਡੀਆਂ ਰਹਿ ਗਈਆਂ ।

'ਤਦਯਪ ਤੇਜ ਨ ਸਾਕੈ ਸਹਾਰੀ
ਯਾ ਬਿਦ ਸ਼ਕਲ ਕਹਿਤ ਨਰ ਨਾਰੀ ।
(ਗੁ: ਬਿ:)

ਹੈਂ ਜੀ ? ਏਥੇ ਤਾਂ ਕੁਝ ਘੜੀ ਪਹਿਲਾਂ ਕਤਲ-ਗਾਹ ਬਣੀ ਹੋਈ ਸੀ ? ਪਰ ਅੰਦਰ ਤਾਂ ਕੋਈ ਅਨੋਖੀ ਜੀਵਨ-ਬਖ਼ਸ਼ ਘਟਨਾ ਵਰਤ ਰਹੀ ਸੀ । ਅਜੀਬ ਮਾਜਰਾ ਬਣ ਗਿਆ । ਪੰਜੇ ਸਿੱਖ ਉਠੇ ਭਾਰਤ ਦੀਆਂ ਪੰਜਾਂ ਹੀ ਧਿਰਾਂ ਤੋਂ ਉਠੇ—ਉਤਰ, ਪੂਰਬ, ਪਸਚਮ, ਦੱਖਣ ਤੇ ਕੇਂਦਰ ਦਾ ਮੇਲ ਖੂਬ ਹੋਇਆ ।

ਫੇਰ ਸਾਰੇ ਜਣੇ ਜਾਂ ਬਹੁਤੇ ਇਕੋ ਜਾਤੀ ਵਿਚੋਂ ਨਹੀਂ, ਤਾਂ ਜੁ ਕੋਈ ਜਾਤੀ ਬਹੁਤਾ ਹੱਕ ਨਾ ਜਿਤਾ ਸਕੇ, ਕਿਸੇ ਵੱਡੀ ਜਾਤੀ ਵਿਚੋਂ ਵੀ ਨਹੀਂ, ਬ੍ਰਾਹਮਣ ਤੇ ਰਾਜਪੂਤ ਕਹਾਉਣ ਵਾਲਿਆਂ ਉਚ-ਵਰਗਾਂ ਵਿਚੋਂ ਤਾਂ ਇਕ ਵੀ ਨਹੀਂ ਸੀ । ਸਭ ਛੋਟੀਆਂ ਜਾਤੀਆਂ—ਨਾਈ, ਛੀਂਬੇ, ਝੀਵਰ, ਜੱਟ । ਹਾਂ ਇਕ ਖੱਤਰੀ ਸੀ । ਸ਼ਾਇਦ ਗੁਰੂਕੁਲ ਨੂੰ ਸਫਲ ਕਰਨ ਲਈ ।

ਪਾਰਸ ਕਲਾ ਵਰਤਾਉਣੀ ਬਾਣੀ ਪੜ ਕੇ ਅੰਮ੍ਰਿਤ ਛਕਿਆ, ਮਾਤਾ ਜੀ ਨੇ ਪਤਾਸੇ ਘੋਲ ਕੇ ਮਿਠਾਸ ਪਾਈ, ਗੁਰੂ ਜੀ ਨੇ ਪਹਿਲਾਂ ਉਨ੍ਹਾਂ ਨੂੰ ਛਕਾ ਕੇ ਫਿਰ ਸਿੱਖਾਂ ਪਾਸੋਂ ਆਪ ਛਕਿਆ । ਉਨ੍ਹਾਂ ਨੂੰ ਕਿਹਾ ਅੱਜ ਤੋਂ ਤੁਸੀਂ ਜਗਨ ਨਾਥ ਪੁਰੀ, ਦੁਆਰਕਾ, ਬਿਦਰ ਤੇ ਹੋਰ ਥਾਂਵਾਂ ਦੇ ਵਸਨੀਕ ਨਹੀਂ ਰਹੇ, ਅਨੰਦਪੁਰ ਦੇ ਵਾਸੀ ਹੋ । ਤੁਹਾਡੀ ਜਾਤ ਕੁਲ ਕੋਈ ਨਹੀਂ, ਤੁਸੀਂ ਖਾਲਸੇ ਹੋ । ਤੁਸੀਂ ਕਿਸੇ ਨੀਚ ਜਾਤ ਵਿਚੋਂ ਨਹੀਂ ਸਭੋ ਛਤਰੀ ਹੋ । ਜਾਤ ਕਰ ਕੇ ਛਤਰੀ ਨਹੀਂ ਕਰਮ ਕਰ ਕੇ ਜਿਨ੍ਹਾਂ ਦਾ ਕੰਮ ਹੈ :

'ਮੁਖ ਤੇ ਹਰਿ ਚਿਤ ਮੈ ਯੁਧ ਬਿਚਾਰੈ ।'

ਏਹੋ ਹੀ ਕਾਰਨ ਸੀ ਕਿ ਥੋੜੀ ਦੇਰ ਬਾਅਦ ਜਦੋਂ ਮਸੰਦਾਂ ਨੂੰ ਕਿਧਰੇ ਢੋਈ ਨਾ ਮਿਲੀ ਤਾਂ ਉਨ੍ਹਾਂ ਮਾਤਾ ਜੀ ਪਾਸ ਪੁਕਾਰ ਕੀਤੀ ਕਿ ਇਹ ਸਿੱਖ ਤਾਂ ਹੁਣ ਆਪਣੇ ਆਪ ਨੂੰ ਬਾਦਸ਼ਾਹ ਮੰਨਣ ਲਗ ਪਏ ਹਨ ।

'ਜਾਤ ਪਾਤ ਤੇ ਭਏ ਨਿਹਾਲੇ,
ਰਾਜਨ ਸਮ ਹੰਕਾਰ ਬਮਾਲੇ ।'
(ਗੁਰ ਪ੍ਰਤਾਪ ਸੂਰਜ)

ਸਿਖੋ ਤੁਸੀਂ ਸਾਰੀਆਂ ਸ਼ਕਤੀਆਂ ਦੇ ਮਾਲਕ ਹੋ ਗਏ ਹੋ :—

'ਸਰਬ ਸਕਤ ਨਿਜ ਕੀ ਮੈ ਦੀਨੀ;
ਤੁਮਥੀ ਭੇਟ ਸੀਸ ਮੋ ਕੀਨੀ ।' (ਗੁਰ: ਬਿ:)



www.AKJ.Org

ਤੁਸੀਂ ਹੁਣ ਖਾਲਸਾ ਹੋ ਗਏ ਹੋ। ਖਾਲਸੇ ਵਿਚ ਗੁਰੂ ਆਪ ਵਰਤੇਗਾ। ਤੁਸੀਂ ਮਨ ਨੀਵਾ ਰਖਣਾ ਤੇ ਆਦਰਸ਼ ਉੱਚੇ, ਫਤਹਿ ਗੁਰੂ ਬਖ਼ਸ਼ੇਗਾ। ਤੁਸੀਂ ਸ਼ਸਤਰ ਫੜ ਕੇ ਜਾਲਮਾਂ ਨੂੰ ਮਾਰਨਾ ਹੈ, ਜ਼ੁਲਮ ਰਾਜ ਉਖਾੜਨਾ ਹੈ। ਖ਼ਾਲਸਾ ਰਾਜ ਸਥਾਪਤ ਕਰਨਾ ਹੈ :

'ਤੋ ਸਦਿ ਸਤਿਗੁਰ ਸਿਖ ਲਲਕਾਰੇ,
ਫੜੋ ਸ਼ਸਤਰ ਲੇਹੁ ਤੁਰਕਨ ਮਾਰੇ।'
(ਪ੍ਰੱ: ਪੰਥ ਪ੍ਰਕਾਸ਼)

'ਤੀਨ ਲੋਗ ਕੋ ਰਾਜ ਦਿਯਾਯੋ.
ਮੋਬ ਬੈਨ ਕਰ ਸਿਰ ਤਲ ਨ੍ਯਾਯੋ।'
(ਗੁਰ: ਬਿ:)

ਇਹ ਪੰਥ ਹੁਣ ਸ਼ਸਤਰ ਧਾਰੀ ਹੋਵੇਗਾ ਤੇ ਸ਼ਸਤਰ (ਗ੍ਰੰਥ) ਨੂੰ ਮੰਨਣ ਵਾਲਾ। ਸ਼ਸਤਰਧਾਰੀ ਹੋਵੇਗਾ ਪੰਥ। ਗੁਰੂ ਕੇ ਸਿਖ ਚਲਾਣਗੇ ਮਤੇ ਗ੍ਰੰਥ। (ਬੰਸਾਵਲੀ ਨਾਮ)

ਹੁਣ ਤੁਸੀਂ ਉਹ ਦਾਸ ਭਾਵ ਵਾਲੇ ਚਰਨ ਮਹੁਲੀਏ ਸਿਖ ਨਹੀਂ ਰਹੇ। ਆਪਣੇ ਨਾਮਾਂ ਨਾਲ ਵੀ 'ਦਾਸ' ਲਗਾਉਣ ਵਾਲੇ ਨਹੀਂ ਰਹੇ। ਤੁਸੀਂ ਹੁਣ 'ਸਿੰਘ' ਬਣ ਗਏ ਹੋ ਅਤੇ ਸਿੰਘ ਦੇ ਹੁੰਦਿਆਂ ਬਾਕੀ ਜੀਵ ਜੰਤ ਜੰਗਲ ਵਿਚ ਨਹੀ ਰਿਹਾ ਕਰਦੇ। ਖ਼ਾਲਸਾ ਝਾੜ ਝਾੜ ਗੱਜੇਗਾ। ਇਹ ਲਿਖੀ ਹੋਈ ਚਿੱਠੀ ਵਾਂਗ ਉਹੋ ਕੁਝ ਵਾਚਿਆ ਜਾਣ ਵਾਲਾ ਹੈ ਜੋ ਤੁਹਾਨੂੰ ਦਸਿਆ ਹੈ :—

'ਤਿਨ ਕਉ ਕ੍ਥਾ ਸੁਣਾਇ ਆਪਾਰਾ।
ਰਾਜ ਖਾਲਸਾ ਅਪਰ ਅਪਾਰਾ॥
ਜੇ ਤੁਮ ਅਬ ਹੀ ਵਿਘਨ ਲਖਾਏ।
ਪੰਥ ਬ਼ੀਚ ਆਦਰ ਨਹੀਂ ਪਾਏ॥ 41॥
ਅਬ ਏ ਰਾਜ ਕਰੇਂਗੇ ਸੋਈ।
ਲਿਖੀ ਪੁਰਾਣ ਪ੍ਰਾਕ੍ਰਿਤ ਹੋਈ॥
ਲਿਖਿਆ ਸਾਚ ਝੂਠ ਨਹੀਂ ਰਾਈ।
ਪ੍ਰਗਟ ਪ੍ਰਤਿਕਾ ਤਾਹਿੰ ਬਚਾਈ॥ 42॥
(ਗੁ: ਬਿਲਾਸ ਮਨੀ ਸਿੰਘ)

ਸ਼ਿੱਖੋ! ਸਿੰਘੋ!! ਹੁਣ ਚਰਨ ਪਾਹੁਲ ਦੀ ਸ਼ਾਂਤੀ ਵਰਤਾਉਣ ਵਾਲੀ ਸਿੱਖੀ ਦੀ ਥਾਂ ਬੀਰ-ਰਸੀ ਖੰਡੇ ਧਾਰੀ ਸਿੱਖੀ ਤੁਹਾਨੂੰ ਦੇ ਦਿੱਤੀ ਹੈ। ਸਭ ਰਾਜ ਤੇਜ ਤੁਹਾਡੇ ਚਰਨਾਂ ਉਤੇ ਢਹੇਗਾ. ਪਰ ਇਕ ਪ੍ਰੇਹਜ਼ ਯਾਦ ਰਖਣਾ, ਰਹਿਤ ਦੀ ਜ਼ਰੂਰੀ ਤਾਕੀਦ ਹੈ। ਰਹਿਤ ਬਿਨਾਂ ਸਿੱਖ ਕਹਾਇਆ ਹੀ ਨਹੀਂ ਜਾ ਸਕਦਾ, ਪਰ ਰਹਿਤ ਧਾਰੀ ਬਣ ਕੇ ਵੀ ਬਿਪਰਾਂ ਦੀ ਰੀਤ ਨਹੀਂ ਕਰਨੀ। ਬਿਪਰਾਂ ਦੀ ਰੀਤ ਕੀ ਹੈ ? ਉਸੇ ਜਾਤ ਪਾਤ ਵਰਣ ਆਸ਼ਰਮ ਵਿਚ ਯਕੀਨ ਕਰਨਾ, ਫਿਰ ਉਹੋ ਮੜ੍ਹੀਆਂ ਮਸਾਣੀਆਂ ਪੂਜਣੀਆਂ, ਧਰਮ ਨੂੰ ਜੀਵਨ ਦਾ ਸੋਮਾ ਸਮਝਣ ਦੀ ਥਾਂ ਕਮਾਈ ਤੇ ਪਦਵੀਂ ਦਾ ਸਾਧਨ ਬਣਾਉਣਾ, ਧਰਮ ਤੇ ਸਿੱਖੀ ਤੋਂ ਆਪਣੀ ਸੇਵਾ ਕਰਾਉਣੀ, ਪੰਥ ਨੂੰ ਆਪਣੇ ਲਾਭਾਂ ਲਈ ਵਰਤਣਾ, ਕਰਮ ਕਾਂਡੀ ਰੀਤਾਂ ਵਿਚ ਉਲਝ ਜਾਣਾ, ਇਹ ਸਭ ਬਿਪਰਨ ਦੀ ਰੀਤ ਹੈ, ਜਿਸ ਤੋਂ ਨਿਆਰੇ ਰਹਿਣਾ ਹੈ। ਗੁਰੂ ਗ੍ਰੰਥ ਨੂੰ ਸਭੋ ਕੁਝ ਮੰਨਣਾ ਸਿੱਖੀ ਹੈ।

'ਗਯਾਨ ਵਗਯਾਨ ਅਕਾਲ ਕੇ ਗੁਰੂ ਗ੍ਰੰਥ ਕੈ ਹੋਤ।
(ਪੰਥ ਪ੍ਰਕਾਸ਼)

'ਗੁਰੂ ਗ੍ਰੰਥੋਂ ਗਿਆ ਸੋ ਦੋਹਾਂ ਜਹਾਨਾਂ ਤੋਂ ਗਿਆ।'
(ਬੰਸਾਵਲੀ ਨਾਮਾ)

ਸ਼ਬਦ ਦਾ ਲੜ ਨਹੀਂ ਛੱਡਣਾ ਚਾਹੀਦਾ। ਕਿਰਤ ਕਰਨੀ. ਨਾਮ ਜਪਣਾ, ਵੰਡ ਛਕਣਾ, ਇਹ ਸਿੱਖੀ ਦੇ ਤਿੰਨੇ ਸਰਲ ਜਿਹੇ ਸਿਧਾਂਤ ਸਨ :-

'ਯਥਾ ਸ਼ਕਤ ਗੁਰ ਗੋਲਕ ਪਾਯੋ।
ਕੜਾਹ ਕਰ ਖ਼ਾਲਸੇ ਛਕਾਯੋ॥
ਪਹਿਰ ਕਛਹਰੇ ਸਿਰ ਬੰਧਯੋ ਪਾਗ।
ਗੁਰੂ ਗ੍ਰੰਥ ਬਚਨ ਪਰ ਰਹਯੋ ਲਾਗ॥


www.AKJ.Org

ਮੋਰ ਬਚਨ ਸਿਉ ਕਰੋ ਪਿਆਰਾ।
ਸਰਬ ਕਾਲ ਹੋਇ ਰੱਛ ਤੁਹਾਰਾ ॥ 38 ॥
(ਗੁ: ਬਿ: ਮ:)

ਜਦੋਂ ਤੁਹਾਡੇ (ਖ਼ਾਲਸੇ) ਵਿਚ ਇਹ ਕੁਰੀਤੀਆਂ ਆ ਗਈਆਂ । ਕੋਈ ਇਕ ਜਾਤੀ ਤਾਕਤ ਪਾ ਕੇ ਦੂਜੀਆਂ ਨੂੰ ਹੀਣੀ ਸਮਝਣ ਲਗ ਪਈ ਉਸ ਵੇਲੇ ਤੁਹਾਡੀ ਪ੍ਰਤੀਤ ਨਾ ਹੀ ਮੈਂ ਕਰਾਗਾ, ਨਾ ਕਈ ਹੋਰ । ਕਿਉਂਕਿ ਤੁਸੀਂ ਸਿੱਖੀ ਰੀਤ ਨੂੰ ਵਿਪਰੀਤ ਕਰ ਰਹੇ ਹੋਵੋਗੇ । ਜਦੋਂ ਸਿੱਖ ਹੀ ਆਪਣੇ ਵਿਚੋਂ ਕਿਸੇ ਜਾਤੀ ਨੂੰ ਗ਼ਰੀਬ ਤੇ ਕਮੀਨ ਸਮਝ ਕੇ ਵਰਤਣਗੇ, ਓਦੋਂ ਉਹ ਸਿਖ ਨਹੀਂ ਬ੍ਰਿਹਮਣੀ ਮਤ ਦੀ ਜੂਠ ਹੋਣਗੇ, ਜਿਸ ਵਿਚੋਂ ਤੁਹਾਨੂੰ ਕੱਢਿਆ ਹੈ ।

ਓਦੋਂ ਤੁਸੀਂ ਗੁਰੂ ਨਾਨਕ ਜੀ ਦੇ ਵਾਕ ਭੁਲ ਚੁਕੇ ਹੋਵੋਗੇ ਕਿ ਜਿਥੇ ਨੀਚ ਹਨ ਉਥੇ ਹੀ ਕਰਤੇ ਦੀ ਬਖ਼ਸ਼ਸ਼ ਹੈ, ਮੈਂ ਅੱਜ ਏਸੇ ਕਥਨ ਨੂੰ ਹੀ ਮੂਰਤੀਮਾਨ ਕੀਤਾ ਹੈ । ਉਨ੍ਹਾਂ ਗ਼ਰੀਬ ਸਿਖਾਂ ਨੂੰ ਹੀ ਮੈਂ ਪਾਤਸ਼ਾਹੀਆਂ ਦਿੱਤੀਆਂ ਹਨ । ਮਤ ਗੁਮਾਨ ਕਰਨਾ, ਮਤ ਉੱਚੀ ਜਾਤ ਦਾ ਮਾਣ ਕਰਨਾ ।

'ਝੂਠੇ ਸਗਲ ਉਪਾਵ ਤਿਆਗੋ ।
ਸ੍ਰੀ ਅਸਧੁਜ ਕੀ ਚਰਨੀ ਲਾਗੋ ॥
ਰਾਜ ਭੁਗਾਵੋ ਹੰਨੇ ਹੰਨੇ ।
ਦੁਸ਼ਮਨ ਦੂਤ ਕਰੋ ਸਭ ਬੰਨੇ ॥
ਜਬ ਲੌ ਪਿਆਰ ਰਹੈ ਤੁਮ ਮਾਹੀ ।
ਤਬ ਲੌ ਭੋਗੋ ਸਤੰਤਰ ਸਾਹੀ ॥
ਜਬ ਇਤਫ਼ਾਕ ਨ ਰਹੇ ਤੁਮ ਮਾਹੀ ।
ਮਾਨਯ ਮਤੀ ਫਿਰ ਛੀਨੈ ਸ਼ਾਹੀ ॥
(ਪੰਥ ਪ੍ਰਕਾਸ਼)

ਇਉਂ ਖਾਲਸ਼ੇ ਨੂੰ 'ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ' ਦਾ ਸ਼ਬਦ ਦ੍ਰਿੜ ਕਰਾ ਕੇ ਗੁਰੂ ਜੀ ਨੇ ਰਾਜ ਕਾਜ ਦੀ ਵਡਿਆਈ ਬਖ਼ਸ਼ੀ, ਜਿਸ ਉਤੇ ਜਦੋਂ ਸਿਖ ਪਹਿਰਾ ਦਿੰਦੇ ਰਹੇ ਹਨ, ਚੜ੍ਹਦੀਆਂ ਕਲਾਂ ਵਿਚ ਜਾਂਦੇ ਰਹੇ ਹਨ । ਜਦੋਂ ਬੇ-ਪਰਵਾਹੀ ਵਰਤਦੇ ਰਹੇ ਹਨ, ਢਹਿ ਢੇਰੀ ਹੁੰਦੇ ਰਹੇ ਹਨ । ਕਾਸ਼ ! ਗੁਰੂ ਕੇ ਸਿਖ ਮੁੜ ਮੁੜ ਇਨ੍ਹਾਂ ਹਿਰਦੇ ਸਮਰਸੀ ਤੁਕਾਂ ਦਾ ਰਹਸ ਸਮਝਣ, ਆਪਣੇ ਮਨ ਵਿਚ ਕਦੇ ਕੰਘੀ ਫੇਰਿਆ ਕਰਨ ਕਿ ਇਹ ਪਾਤਸ਼ਾਹੀ ਸ਼ਕਤੀ, ਜਾਗੀਰਦਾਰਾਂ, ਧਨਾਢਾਂ, ਹੈਂਕੜੀਆਂ ਲਈ ਨਹੀਂ, ਗਰੀਬਾਂ ਲਈ ਗੁਰੂ ਜੀ ਨੇ ਬਖ਼ਸ਼ੀ ਸੀ ਅਤੇ ਪੰਥ ਸਾਜਣ ਤੇ ਚਲਾਉਣ ਦਾ ਇਹੋ ਮਨੋਰਥ ਸੀ ਕਿ ਖ਼ਾਲਸਾ ਸਮੂਹਕ ਰੂਪ ਵਿਚ ਉਭਰੇ ਤੇ ਪਰਜਾ ਨੂੰ ਉਭਾਰੇ ।

'ਦਯੀ ਚੀਜ਼ ਚਹੈ ਗਰੀਬ ਕਉ,
ਕਿਉ ਅਤਿ ਦਯੋ ਆਘਾਯ ॥
ਯਹਿ ਦਯਾਵਾਨ ਘਰ ਗੁਰੂ ਕੋ,
ਅਰ ਗਰੀਬ ਨਿਵਾਜ ਅਖਾਇ ॥ 16 ॥
ਜਟ ਬੂਟ ਕਹਿਹਿੰ ਜਗ ਮਾਹੀ ।
ਬਣੀਏ ਬਕਾਲ ਕਿਰਾੜ ਖਤ੍ਰੀ ਸਾਦਾਈ ।
ਲੁਹਾਰ ਤ੍ਰਖਾਣ ਅਰ ਜਾਤ ਕਮੀਨੀ ।
ਛੀਂਬੇ ਕਲਾਲ ਨੀਚਨ ਪੈ ਕਿਰਪਾ ਕੀਨੀ ।
ਗੁੱਜਰ ਗਵਾਰ ਅਹੀਰ ਕਮਜਾਤ ।
ਕੰਬੋਇ ਸੂਦ੍ਰਨ ਕੋਇ ਪੁਛੈ ਨ ਬਾਤ ॥ 12 ॥
ਝੀਵਰ ਨਾਹੀ ਰੋੜੇ ਘੁਮਿਆਰ ।
ਸਇਣੀ ਸੁਨਿਆਰੇ ਚੂੜੇ ਚਮਿਆਰ ।
ਭੱਟ ਔ ਬ੍ਰਾਹਮਣ ਹੁਤੇ ਮੰਗਵਾਰ ।
ਬਹੁ ਰੂਪੀਏ ਲੁਬਾਣੀ ਔ ਘੁਮਿਆਰ ॥ 22 ॥
ਇਨ ਗਰੀਬ ਸਿਖਨ ਕੋ ਦਯੋ ਪਾਤਸ਼ਾਹੀ ।
ਏ ਯਾਦ ਰਖੈ ਹਮਰੀ ਗੁਰਿਆਈ ।
(ਪ੍ਰਾਚੀਨ ਪੰਥ ਪ੍ਰਕਾਸ਼)

———



www.AKJ.Org

ਧਾਰਮਕ ਲੇਖ—

# ਜੀ ਪਿਆਰਾ ਕਿਵੇਂ ਲਗੇ ?

(ਗਿ: ਹਰਬੰਸ ਸਿੰਘ, ਚੰਡੀਗੜ੍ਹ)

ਗੁਣ ਕਾਮਣਿ ਕਰਿ, ਕੰਤੁ ਰੀਝਾਇਆ
ਵਸਿ ਕਰਿ ਲੀਨਾ, ਗੁਰਿ ਭਰਮ ਚੁਕਾਇਆ ॥ (ਪੰਨਾ ੭੩੭)

ਸਖੀਆਂ ਦੀਆਂ ਗਲਾਂ ਬੜੀਆਂ ਮਿਠੀਆਂ ਤੇ ਸੁਆਦਲੀਆਂ ਹੁੰਦੀਆਂ ਹਨ। ਮਨ ਅੰਦਰ ਪਿਆਰੇ ਨੂੰ ਮਿਲਣ ਦਾ ਚਾਉ ਉਠਦਾ ਹੈ। ਸੋ ਤੁਸੀਂ ਧਿਆਨ ਲਾ ਕੇ ਸੁਣੋ ਗੁਰਾਂ ਨੇ ਆਪ ਸਖੀ ਰੂਪ ਬਣ ਕੇ ਉਪਦੇਸ਼ ਦਿਤਾ ਹੈ :-

ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ, ਨਾਮੁ ਮਹਾ ਰਸ ਪੀਓ।
ਬਿਨ ਰਸ ਚਾਖੇ ਬੁਡਿ ਗਈ ਸਗਲੀ, ਸੁਖੀ ਨ ਹੋਵਤ ਜੀਓ।
(ਪੰਨਾ ੮੦੨)

ਜੀ ! ਮੈਂ ਉਪਰੋਕਤ ਸ਼ਬਦ ਨੂੰ ਤਾਂ ਕਈ ਵਾਰ ਪੜ੍ਹਿਆ ਏ। ਇਸ ਸਬਦ ਨੂੰ ਮੈਂ ਗਾਇਨ ਵੀ ਕਰਦੀ ਹਾਂ, ਇਸ ਵਿਚ ਪਿਆਰੇ ਦੇ ਮਿਲਣ ਦਾ ਰਾਹ...।' ਵਿਜੋਗਨ ਨੇ ਕਿਹਾ। ਬਸ ਬੀਬਾ ਜੀਉ। ਇਹੋ ਕਾਰਨ ਏ ਕਿ ਉਹ ਪਿਆਰਾ ਨਹੀਂ ਲਗਦਾ। ਤਾਹੀਉਂ ਤਾਂ ਆਤਮਾ ਸੁਖੀ ਨਹੀਂ। ਕਾਹਲੀ ਨਾਲ ਤੁਹਾਡਾ ਦਿਲ ਘਬਰਾ ਉਠਦਾ ਏ। ਦਿਲ ਤੁਹਾਡਾ ਛੇਤੀ ਛਿਥਾ ਪੈ ਕੇ ਕਲੇਜਾ ਬਾਹਰ ਨੂੰ ਆਣ ਲਗ ਜਾਂਦਾ ਏ।

ਤੁਹਾਡਾ ਕੀ ਮਤਲਬ ? ਮੈਨੂੰ ਜ਼ਰਾ ਸੋਝੀ ਤਾਂ ਪਾਉ।

ਸੁਣੋ ਜੀ ! ਕੇਵਲ ਸੁਹਣੇ ਤੇ ਸੁਰੀਲੇ ਗਲੇ ਨਾਲ ਪੜ੍ਹਨ ਨਾਲ ਪਿਆਰ ਨਹੀਂ ਉਠਦਾ। ਰੱਸ ਰੱਸ ਕਹਿਣ ਨਾਲ ਰਸ ਨਹੀਂ ਚਖਿਆ ਜਾ ਸਕਦਾ। ਭਾਈ ਸਾਹਿਬ ਭਾਈ ਗੁਰਦਾਸ ਜੀ ਤੋਂ ਸੋਝੀ ਲਉ ! ਭਾਈ ਸਾਹਿਬ ਜੀ ਨੇ ਵਰਨਣ ਕੀਤਾ ਹੈ ਕਿ :—

ਖਾਂਡ ਖਾਂਡ ਕਹੈ, ਜਿਹਬਾ ਸੁਆਦ ਨ ਮੀਠੋ ਆਵੈ,
ਅਗਨਿ ਅਗਨਿ ਕਹੈ, ਕਬੀ ਸੀਤ ਨ ਵਿਨਾਸ਼ ਹੈ।
ਬੈਦ ਬੈਦ ਕਹੈ, ਰੋਗ ਕਾਹੂ ਕੋ ਮਿਟਤ ਨਾਹਿ,
ਦ੍ਰਬ ਦ੍ਰਬ ਕਹੈ, ਕੋਊ ਦਰਬੇ ਨਾ ਵਿਲਾਸ ਹੈ।
ਚੰਦਨ ਚੰਦਨ ਕਹੈ, ਕਊ ਹੋਤ ਨ ਸੁਬਾਸ ਬਾਸ,
ਚੰਦ ਚੰਦ ਕਹੈ, ਉਜਿਆਰੋ ਨ ਪ੍ਰਕਾਸ਼ ਹੈ।
ਤੈਸੇ ਗਯਾਨ ਗੋਸ਼ਟਿ, ਕੋਈ ਕਹਿਤ ਨ ਰਹਿਤ ਪਾਵੈ,



www.AKJ.Org

ਕਰਨੀ ਪ੍ਰਧਾਨ, ਭਾਨੁ ਉਦਿਤ ਅਕਾਸ਼ ਹੈ ।

ਬੀਬੀ ਜੀ, ਜੇ ਤੁਧੀਂ ਘੜੀ ਮੁੜੀ ਪਿਆਰ ¡ ਪਿਆਰ !! ਪਿਆਰ !!! ਆਖੀ ਜਾਓ ਤਾਂ ਪਿਆਰ ਦਾ ਰਸ ਨਹੀਂ ਮਾਣ ਸਕਦੇ । ਪਿਆਰ ਜਦੋਂ ਅੰਦਰ ਵਸੇਗਾ ਓਦੋਂ ਹੀ ਲਖ ਸਕੋਗੇ । ਇਸ ਪਿਆਰ ਦੀ ਪਰਾਪਤੀ ਲਈ ਕਰਣੀ ਦੀ ਲੋੜ ਹੈ ਕਰਣੀ ਵੀ ਉਹ, ਜਿਹੜੀ ਪਿਆਰੇ ਨੂੰ ਚੰਗੀ ਲਗੇ । ਸੋ ਰਾਹ ਪੁਛਣ ਨਾਲ ਹੀ ਪ੍ਰੀਤਮ ਦੇ ਦੇਸ ਵਿਚ ਨਹੀਂ ਪਹੁੰਚ ਸਕੀਦਾ, ਜਦੋਂ ਤਕ ਕਿ ਉਸ ਰਾਹ ਤੇ ਟੁਰ ਨਾ ਪਈਏ । ਬੀਬੀ ਜੀ ! ਜਦੋਂ ਤਕ ਦੁਨੀਆਂ ਦੇ ਰਸਾਂ ਤੋਂ ਛੁਟਕਾਰਾ ਨਹੀਂ ਹੁੰਦਾ 'ਨਾਮ ਮਹਾਂ ਰਸ' ਦਾ ਪੀਣਾ ਕਠਨ ਹੈ । ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ । ਬਿਖ ਤੇ ਅੰਮ੍ਰਿਤ ਦਾ ਕੀ ਮੇਲ ਏ ? ਭਾਂਡੇ ਵਿਚ ਜੇ ਦੂਜੀ ਵਸਤੂ ਰਖਣੀ ਹੋਵੇ ਤਾਂ ਜ਼ਰੂਰੀ ਏ ਕਿ ਪਹਿਲੀ ਵਸਤੂ ਨੂੰ ਇਕ ਪਾਸੇ ਕਰਨਾ ਸੀ । ਨਹੀਂ ਤਾਂ ਦੂਜੀ ਵਸਤੂ ਦੀ ਸਮਾਈ ਨਹੀਂ ਹੋ ਸਕਦੀ । ਸ੍ਰੀ ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ :—

ਵਸਤੁ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ (ਪੰਨਾ ੪੭੪)

ਭਗਤ ਕਬੀਰ ਜੀ ਨੇ ਵੀ ਹਰਿ ਨਾਮ ਰਸ ਦੀ ਪਰਾਪਤੀ ਦੀ ਇਹੋ ਜੁਗਤੀ ਦਸੀ ਹੈ :—

ਰਾਰਾ ਰਸੁ ਨਿਰਸ ਕਰਿ ਜਨਿਆ ॥
ਹੋਇ ਨਿਰਸ ਸੁਰਸੁ ਪਹਿਚਾਨਿਆ ॥

ਨਿਰਸੰਦੇਹ ਇਹ ਗੱਲ ਪੱਕੀ ਜਾਣੋ, ਜੇਕਰ ਨਾਮ ਰਸ ਮਿੱਠਾ ਨਹੀਂ ਲਗਦਾ ਤਾਂ ਸਰੀਰ ਅੰਦਰ ਅਜੇ ਦੁਨਿਆਵੀ ਰਸਾਂ ਨੇ ਥਾਂ ਮਲੀ ਹੋਈ ਏ । ਜਦੋਂ ਤਕ ਦੁਨਿਆਵੀ ਰਸ ਹਨ ਓਦੋਂ ਤਕ ਸੱਚੇ ਨਾਲ ਪਿਆਰ ਨਹੀਂ ਲਗ ਸਕਦਾ :—

ਪ੍ਰੀਤਿ ਬਿਨਾ ਕੈਸੇ ਬਧੈ ਸਨੇਹੁ ॥
ਜਬ ਲਗ ਰਸੁ, ਤਬ ਲਗ ਨਹੀ ਨੇਹੁ ॥ (ਪੰਨਾ ੩੨੮)

ਵਿਜੋਗਨ ਜੀ ! ਬੈਰਾਗਨ ਦੀ ਇਹ ਹਾਲਤ ਹੁੰਦੀ ਹੈ ਕਿ ਉਸ ਨੂੰ ਆਪਣੇ ਪਿਆਰੇ ਪ੍ਰੀਤਮ ਤੋਂ ਬਿਨਾਂ ਕੁਝ ਚੀਜ਼ ਚੰਗੀ ਹੀ ਨਹੀਂ ਲਗਦੀ : -

ਬਿਨੁ ਅਪਨੇ ਨਾਹੈ ਕੋਇ ਨ ਚਾਹੈ
ਕਿਆ ਕਹੀਐ ਕਿਆ ਕੀਜੈ ।'

ਉਹ ਤਾਂ ਸਦਾ ਪਤੀ ਪਿਆਰ ਦੀਆਂ ਲਿਲਕੜੀਆਂ ਲੈਂਦੀ ਰਹਿੰਦੀ ਏ । ਸਾਵਣ ਦੇ ਸੁਹਾਵਣੇ ਮਹੀਨੇ ਵਿਚ ਬਦਲ ਤੇ ਪਪੀਹੇ, ਲੋਕਾਂ ਲਈ ਚੰਗੇ ਹਨ, ਪਰ ਵਿਛੜੀ ਹੋਈ ਆਤਮਾ ਲਈ ਦੁਖਦਾਇਕ ਹਨ । ਉਸਨੂੰ ਦਿਨੇ ਰਾਤੀਂ ਹਾਵੜ ਲੱਗਾ ਰਹਿੰਦਾ ਹੈ ਕਿ ਉਸ ਪਿਆਰੇ ਨੂੰ ਅੱਖਾਂ ਨਾਲ ਵੇਖਾਂ । ਸੱਚ ਮੁੱਚ ਜੇ ਪਤੀ ਘਰ ਨਾ ਹੋਵੇ ਤਾਂ ਮਨ ਡੋਲਦਾ ਹੀ ਰਹਿੰਦਾ ਹੈ ਤੇ ਪਤਨੀ ਪਿਆਰ ਭਰੇ ਹਿਰਦੇ ਨਾਲ ਸਾਵਣ ਦੇ ਮਹੀਨੇ ਵਿਚ ਹੇਠ ਲਿਖਿਆ ਬ੍ਰਿਹੋਂ ਦਾ ਸ਼ਬਦ ਗਾ ਗਾ ਕੇ ਮਨ ਨੂੰ ਪ੍ਰੀਤਮ ਦੇ ਪਿਆਰ ਵਿਚ ਜੋੜਨ ਦਾ ਯਤਨ ਕਰਦੀ ਏ ।

ਸਾਵਣਿ ਸਰਸ ਮਨਾ ਘਣ ਵਰਸਹ ਰੁਤਿ ਆਏ ।



www.AKJ.Org

ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ।
ਪਿਰੁ ਘਰ ਨਹੀ ਆਵੈ ਮਰੀਐ ਹਾਵੈ
ਦਾਮਨਿ ਚਮਕ ਡਰਾਏ ।
ਸੇਜ ਇਕੇਲੀ ਖਰੀ ਦੁਹੇਲੀ ਮਰਣ ਭਇਆ ਦੁਖ ਮਾਏ ॥ (ਪੰਨਾ ੧੧੦੮)

ਵਿਜੋਗਨ ਜੀ ! ਹਾਵਾ ਤਾਂ ਸਾਰੇ ਸੰਸਾਰ ਨੂੰ ਲੱਗਾ ਹੋਇਆ ਏ, ਪਰ ਕਿਸੇ ਨੂੰ ਪੁੱਤਰ ਦਾ ਏ, ਕਿਸੇ ਨੂੰ ਧਨ ਦਾ, ਕਿਸੇ ਨੂੰ ਨੌਕਰੀ ਦਾ, ਕਿਸੇ ਨੂੰ ਰਸਾਂ ਕਸਾਂ ਦਾ । ਅਨੇਕਾਂ ਪਰਕਾਰ ਦੇ ਹਾਵੇ ਹਨ, ਜਿਹਨਾਂ ਵਿਚ ਲੋਕੀਂ ਸੜ ਰਹੇ ਹਨ, ਪਰ ਉਸ ਪਿਆਰੇ ਦਾ ਹਾਵਾ ਤਾਂ ਬ੍ਰਿਹਨ ਨੂੰ ਹੈ । ਇਹ ਹਾਵੇ ਤਾਂ ਦੁਨੀਆ ਦੀਆਂ ਵਡਿਆਈਆਂ ਦੀ ਪਰਾਪਤੀ ਲਈ ਹੋਏ ਜਿਨ੍ਹਾਂ ਨੂੰ ਗੁਰੂ ਸਾਹਿਬ ਆਖਦੇ ਹਨ ਕਿ ਮੈਂ ਸਾੜਦਾ ਹਾਂ, ਮੈਨੂੰ ਤਾਂ ਉਹਨਾਂ ਗੱਲਾਂ ਦੀ ਲੋੜ ਹੈ ਜਿਹਨਾਂ ਨਾਲ ਪਿਆਰਾ ਮਿਲ ਪਵੇ । ਲੋਕਾਂ ਦੀਆਂ ਵਡਿਆਈਆਂ ਪਿਆਰੇ ਦੇ ਮਿਲਣ ਵਿਚ ਰੁਕਾਵਟਾਂ ਹਨ ਕਿਉਂਕਿ ਇਹ ਸਾਥ ਨਹੀਂ ਦਿੰਦੀਆਂ ਹਨ । ਇਸ ਲਈ ਗੁਰਦੇਵ ਜੀ ਆਖਦੇ ਹਨ :—

ਲੋਕਨ ਕੀਆ ਵਡਿਆਈਆ ਬਸੰਤਰ ਪਾਗਉ ॥
ਜਿਉ ਮਿਲੈ ਪਿਆਰਾ ਆਪਨਾ ਤੇ ਬੋਲ ਕਰਾਗਉ ॥ (ਪੰਨਾ ੮੦੮)
ਨਾਨਕ ਦੁਨੀਆ ਕੀਆ ਵਡਿਆਈਆ ਅਗੀ ਸੇਤੀ ਜਾਲਿ ॥
ਇਨ ਜਲਈ ਨਾਮ ਵਿਸਾਰਿਆ ਇਕੁ ਨ ਚਲੀ ਨਾਲਿ ॥ (ਪੰਨਾ ੧੨੯੦)

ਇਹ ਦੁਨਿਆਵੀ ਵਡਿਆਈਆਂ ਤਾਂ ਈਰਖਾ ਪੈਦਾ ਕਰਦੀਆਂ ਹਨ । ਇਸੇ ਈਰਖਾ ਕਰ ਕੇ ਅਸੀਂ ਪਿਆਰੇ ਤੋਂ ਵਿਛੜੇ ਹੋਏ ਹਾਂ । ਸੁਆਦਾਂ, ਮਾਇਆ ਦੀ ਈਰਖਾ ਤੇ ਇਤਿ ਆਦ ਝਗੜਿਆਂ ਵਿਚ ਅਸੀਂ ਰਤਨ ਜਨਮ ਵਿਅਰਥ ਹੀ ਗਵਾ ਰਹੇ ਹਾਂ :—

ਸੁਆਦ ਬਾਦ ਈਰਖ ਮਦ ਮਾਇਆ ॥
ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ ॥ (ਪੰਨਾ ੭੪੧)

ਬੀਬਾ ਜੀ ! ਸੱਚੀ ਵਡਿਆਈ ਸੱਚੇ ਨਾਮ ਦੀ ਹੈ, ਜਿਸ ਦੀ ਪ੍ਰਾਪਤੀ ਨਾਲ ਮਨੁੱਖੀ ਜੀਵਨ ਬਣਦਾ ਏ । ਸੱਚੀ ਵਡਿਆਈ ਨਾਲ ਨਾਮ ਰਸ ਦੀ ਪਰਾਪਤੀ ਹੁੰਦੀ ਏ । ਮਾਇਆ ਦੇ ਰਸ ਨਾਲ ਭਗਤੀ ਜਾਂ ਪ੍ਰੇਮ ਰਸ ਹਿਰਦੇ ਅੰਦਰ ਨਹੀਂ ਟਿਕ ਸਕਦਾ । ਇਸ ਲਈ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਰਚਨਾ ਨੂੰ ਸੰਬੋਧਨ ਕਰਦੇ ਹੋਏ ਕਿਹਾ ਹੈ :—

ਏ ਰਸਨਾ ਤੂੰ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸ ਪਲੈ ਨ ਪਾਇ ॥
ਹਰਿ ਰਸਿ ਪਾਇ ਪਲੈ ਪੀਐ ਹਰਿ ਰਸਿ ਬਹੁੜਿ ਨ ਤ੍ਰਿਸਨਾ ਲਗੈ ਆਇ ॥
ਇਹ ਹਰਿ ਰਸਿ ਕਰਮੀ ਪਾਈਐ ਸਤਿਗੁਰੂ ਮਿਲੈ ਜਿਸ ਆਇ ॥
ਕਹੈ ਨਾਨਕ ਹੋਰਿ ਅਨਰਸ ਸਭ ਵੀਸਰੇ ਜਾ ਹਰਿ ਵਸੈ ਮਨਿ ਆਇ ॥ (ਪੰਨਾ ੯੨੧)

ਸੁਣੋ ਬੀਬਾ ਜੀ ! ਪਿਆਰੀ ਉਹ ਵਸਤੂ ਹੁੰਦੀ ਏ, ਜੋ ਮਨ ਨੂੰ ਭਾਵੇ ਤੇ ਸਜਣ ਉਹੋ ਹੁੰਦਾ ਜੋ ਮਨ ਨੂੰ



www.AKJ.Org

ਠੀਕ ਜਚੇ :—

ਮਿਠਾ ਸੋ ਜੋ ਭਾਵਦਾ, ਸਜਣੁ ਸੋ ਜਿ ਰਾਸਿ ॥

ਨਾਨਕ ਗੁਰਮੁਖਿ ਜਾਣੀਐ, ਜਾ ਕਉ ਆਪਿ ਕਰੇ ਪਰਗਾਸੁ ॥ (ਪੰਨਾ ੫੧੭)

ਜੇ ਤੁਸੀਂ ਇਹ ਚਾਹੁੰਦੇ ਹੋ ਕਿ ਉਹ ਪਿਆਰਾ ਕਿਵੇਂ ਲੱਗੇ ਤਾਂ ਆਪਣੇ ਮਨ ਅੰਦਰੋਂ ਦੂਜੇ ਭਾਵ ਨੂੰ ਬਾਹਰ ਕਢੋ।

ਜਦੋਂ ਇਕ ਖਿਆਲ ਅੱਠੇ ਪਹਿਰ ਲਗਾ ਰਹੇਗਾ ਤਾਂ ਦੂਜੇ ਪਿਆਰ ਆਪੇ ਹਟ ਜਾਣਗੇ। ਅਸਲ ਵਿਚ ਵਾਹਿਗੁਰੂ ਨੂੰ ਛੋੜ ਕੇ ਦੂਜਿਆਂ ਨਾਲ ਪਿਆਰ ਪਾਉਣਾ ਹੀ ਸੱਚੇ ਨਾਮ ਵਿਚ ਲਿਵ ਨਹੀਂ ਲਗਣ ਦੇਂਦਾ। ਗੁਰਬਾਣੀ ਵਿਚ ਵੀ ਦਸਿਆ ਗਿਆ ਹੈ :—

ਦੂਜਾ ਭਾਉ ਨ ਦੇਈ ਲਿਵ ਲਾਗਣ ਜਿਨਿ ਹਰਿ ਕੇ ਚਰਨ ਵਿਸਾਰੇ ॥ (ਪੰਨਾ ੧੯੬)

ਇਸ ਲਈ ਵਾਹਿਗੁਰੂ, ਨਿਰੋਲ ਵਾਹਿਗੁਰੂ ਲਈ ਭਾਵਨੀ ਪੈਦਾ ਕਰੋ। ਉਹ ਗੱਲਾਂ ਕਰੋ ਜਿਹੜੀਆਂ ਪਿਆਰੇ ਨੂੰ ਚੰਗੀਆਂ ਲਗਦੀਆਂ ਹੋਣ।

ਜੀ ! ਕਿਹੜੀਆਂ ਗੱਲਾਂ ਉਸ ਨੂੰ ਚੰਗੀਆਂ ਲਗਦੀਆਂ ਹਨ ? ਕਿਹੜੀ ਚੀਜ ਉਸ ਨੂੰ ਸਭ ਤੋਂ ਪਿਆਰੀ ਲਗਦੀ ਏ ? ਹੋਰ ਕੋਈ ਅਜਿਹਾ ਸ਼ਬਦ ਦਸੋ ਜਿਸ ਵਿਚ ਸੁਹਾਗਣ ਬਣਨ ਦੇ ਸਾਰੇ ਉਪਦੇਸ਼ ਹੋਣ।" ਵਿਜੋਗਨ ਨੇ ਆਪਣੀ ਤੀਬਰ ਇੱਛਾ ਪ੍ਰਗਟ ਕੀਤੀ।

---


## ਜੇਲ੍ਹ ਚਿੱਠੀਆਂ ਦਾ ਅੰਗਰੇਜ਼ੀ ਤਰਜਮਾ ਛਪ ਕੇ ਤਿਆਰ ਹੋ ਗਿਆ

**Autobiograph of**

**BHAI SAHIB RANDHIR SINGH**

**Translated with Introductory Thesis by Dr. Trilochan Singh**

(੧) ਇਸ ਵਿਚ ਸਾਰਾ ਜੀਵਨ ਸਿਲਸਿਲੇਵਾਰ ਦਿਤਾ ਹੈ। (੨) ਜੇਲ੍ਹ ਚਿੱਠੀਆਂ ਦਾ ਮੁਕੰਮਲ ਤਰਜਮਾ ਹੈ। (੩) ਜੇਲ੍ਹ ਜਾਣ ਤੋਂ ਪਹਿਲਾਂ ਦੇ ਹਾਲਾਤ ੭੦ ਸਫ਼ੇ ਦੀ ਭੂਮਕਾ ਵਿਚ ਦਿਤੇ ਹਨ। (੪) ਭਾਈ ਸਾਹਿਬ ਰਣਧੀਰ ਸਿੰਘ ਨੇ ਰਕਾਬ ਗੰਜ ਦਿੱਲੀ ਦਾ ਗੁਰਦੁਆਰਾ ਢਹਿਣੋਂ ਕਿਵੇਂ ਬਚਾਇਆ ਤੇ ਕਿਵੇਂ ਗਦਰ ਲਹਿਰ ਦੀ ਆਜ਼ਾਦੀ ਦੀ ਲਹਿਰ ਦੇ ਮੋਢੀ ਬਣੇ, ਕਿਵੇਂ ਮੁਕੱਦਮਾ ਚਲਿਆ ਤੇ ਕੀ ਫ਼ੈਸਲਾ ਹੋਇਆ। ਇਸ ਉਤੇ ਬੜੇ ਖ਼ੋਜ ਭਰਪੂਰ ਹਾਲਾਤ ਪਹਿਲੀ ਵਾਰ ਇਸ ਪੁਸਤਕ ਵਿਚ ਪਰਗਟ ਕੀਤੇ ਗਏ ਹਨ। ਛਪਾਈ, ਜਿਲਦ ਤੇ ਜੈਕਟ ਬਹੁਤ ਸੁੰਦਰ। ਕੀਮਤ ਫ਼ੀ ਕਿਤਾਬ ੨੦)

ਪੰਜ ਜਾਂ ਪੰਜ ਤੋਂ ਵਧ ਪੁਸਤਕਾਂ ਖਰੀਦਣ ਵਾਲੇ ਨੂੰ ੨੫% ਡਿਸਕਾਊਂਟ।

ਮਿਲਨ ਦਾ ਪਤਾ ;—

ਬਲਬੀਰ ਸਿੰਘ ਸਕੱਤਰ

**ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ,**

੧੨੬, ਮਾਡਲ ਟਾਊਨ, ਲੁਧਿਆਣਾ।




www.AKJ.Org

# ਨਾਨਕ ਵੈਸਾਖੀ ਪ੍ਰਭੁ ਪਾਵੈ, ਸੁਰਤਿ ਸਬਦਿ ਮਨੁ ਮਾਨਾ ॥

ਪਰਮ ਸਤਿਕਾਰ ਯੋਗ ਗੁਰਮੁਖ ਸਤਸੰਗੀ ਜੀਉ,

ਬੇਨਤੀ ਹੈ ਕਿ ਐਤਕੀ ਸ੍ਰੀ ਅਨੰਦਪੁਰ ਹੋਲੇ ਮਹੱਲੇ ਦੇ ਸਮਾਗਮ ਸਮੇਂ ਪੰਚਾਂ ਨੇ ਪੂਰਨ ਸੰਮਤੀ ਨਾਲ ਫ਼ੈਸਲਾ ਕੀਤਾ ਹੈ ਕਿ ਵਿਸਾਖੀ ਦਾ ਪੁਰਬ ਸਰਬ-ਹਿੰਦ ਕੀਰਤਨੀ ਜੱਥਿਆਂ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਜਾਵੇ। ਸੋ ਖਾਲਸਾ ਜੀ ਦੇ ਪਰਗਟ ਹੋਣ ਦੇ ਇਸ ਪਵਿੱਤਰ ਵਿਸਾਖੀ ਦੇ ਦਿਵਸ ਨੂੰ ਮਨਾਉਣ ਲਈ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਮੂਹ ਅਖੰਡ ਕੀਰਤਨੀ ਜੱਥੇ ਤੇ ਕੀਰਤਨ-ਰਸੀਏ ਦੂਰਾਂ ਦੂਰਾਂ ਤੋਂ ਪੁਜਣਗੇ।

ਇਹ ਪ੍ਰੋਗਰਾਮ ੧੧ ਅਪ੍ਰੈਲ ੧੯੭੨ ਅੰਮ੍ਰਿਤ ਵੇਲੇ ਤੋਂ ਅਰੰਭ ਹੋ ਕੇ ੧੪ ਅਪ੍ਰੈਲ ੧੯੭੨ ਸਵੇਰ ਤਕ ਗੁਰੂ ਨਾਨਕ ਪਾਰਕ, ਅਜੀਤ ਨਗਰ ਅਤੇ ਇਤਿਹਾਸਕ ਪਵਿੱਤਰ ਅਸਥਾਨਾਂ ਤੇ ਸ੍ਰੀ ਅੰਮ੍ਰਿਤਸਰ ਵਿਖੇ ਮਨਾਏ ਜਾਣਗੇ। ਸ੍ਰੀ ਅਖੰਡ ਪਾਠ, ਅੰਮ੍ਰਿਤ-ਸੰਚਾਰ. ਰੈਨ-ਸਬਾਈ ਤੇ ਹੋਰ ਕੀਰਤਨ-ਸਮਾਗਮਾਂ ਦਾ ਵੇਰਵੇ ਸਹਿਤ ਪ੍ਰੋਗਰਾਮ ਹੇਠਾਂ ਦਰਜ ਹੈ।

ਆਪ ਜੀ ਇਨ੍ਹਾਂ ਤਰੀਕਾਂ ਵਿਚ ਹੋਰ ਕਿਤੇ ਵੀ ਪ੍ਰੋਗਰਾਮ ਨਾ ਰਖਣਾ ਅਤੇ ਹੁਣ ਤੋਂ ਹੀ ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਜੀ ਦੇ ਦਰਸ਼ਨ ਦੀਦਾਰਿਆਂ ਦੇ ਨਾਲ ਹੀ ਵਿਸਾਖੀ ਪੁਰਬ ਨੂੰ ਮਨਾਉਣ ਲਈ ਕਮਰਕਸੇ ਕਰ ਲਵੋ ਜੀ।

ਐਤਕੀਂ ਲੰਗਰ ਤੇ ਰਿਹਾਇਸ਼ ਦਾ ਪਰਬੰਧ ਅਜੀਤ ਨਗਰ ਵਿਖੇ ਹੋਵੇਗਾ। ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ।

ਪੁੱਛ-ਗਿੱਛ ਲਈ ਪਤੇ :—

੧. ਸਿੰਘ ਬ੍ਰਦਰਜ਼, ਮਾਈ ਸੇਵਾਂ ਅੰਮ੍ਰਿਤਸਰ।

੨. ਖਾਲਸਾ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ।

## ਵੇਰਵਾ ਪਰੋਗਰਾਮ

੧੧—੪—੭੨ ਮੰਗਲਵਾਰ

ਸਵੇਰੇ ੪—੩੦ ਤੋਂ ੭—੪੫ ਕੀਰਤਨ ਆਸਾ ਦੀ ਵਾਰ।

੮ ਵਜੇ ਸ੍ਰੀ ਅਖੰਡ ਪਾਠ ਅਰੰਭ, ੮੩ ਅਜੀਤ ਨਗਰ।

ਸ਼ਾਮ ੬ ਤੋਂ ੯ ਵਜੇ ਤਕ ਅਖੰਡ ਕੀਰਤਨ, ਮੰਜੀ ਸਾਹਿਬ।

੧੨—੪—੭੨ ਬੁਧਵਾਰ

ਸਵੇਰੇ ੫ ਤੋਂ ੬—੪੫ ਆਸਾ ਦੀ ਵਾਰ ਸ੍ਰੀ ਅਕਾਲ ਤਖਤ ਸਾਹਿਬ।

੭ ਤੋਂ ੧ ਤਕ ਅਖੰਡ ਕੀਰਤਨ ,, ,,

ਸ਼ਾਮ ੬ ਤੋਂ ੯ ਤਕ ਅਖੰਡ ਕੀਰਤਨ ਗੁ: ਪਿਪਲੀ ਸਾਹਿਬ।

੧੩—੪—੭੨ ਵੀਰਵਾਰ

(ਗੁਰੂ ਨਾਨਕ ਪਾਰਕ. ਅਜੀਤ ਨਗਰ ਵਿਖੇ)

ਸਵੇਰੇ ੫ ਵਜੇ ਸਮਾਪਤੀ ਸ੍ਰੀ ਅਖੰਡ ਪਾਠ।

੫-੩੦ ਤੋਂ ੧ ਵਜੇ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ।

ਦੁਪਹਿਰ ੨ ਤੋਂ ਪਿਛੋਂ ਅੰਮ੍ਰਿਤ ਸੰਚਾਰ ਸਮਾਗਮ।

ਸ਼ਾਮ ੭—੩੦ ਸੋਦਰ ਉਪਰੰਤ ਰੈਨ-ਸਬਾਈ ਕੀਰਤਨ ਅਰੰਭ

੧੪—੪—੭੨ ਸ਼ੁਕਰਵਾਰ

ਸਵੇਰੇ ੭ ਵਜੇ ਸਮਾਪਤੀ। ਦਾਸਰੇ ਅਖੰਡ ਕੀਰਤਨੀ ਜੱਥਾ, ਸ੍ਰੀ ਅੰਮ੍ਰਿਤਸਰ

www.AKJ.Org

# ਭਗਤ ਸੈਣ ਜੀ

—ਵਲੋਂ ਪ੍ਰੋ: ਗੁਰਮੁਖ ਸਿੰਘ

ਆਪ ਦਾ ਜਨਮ, ਭਾਰਤ ਦੀ ਇਕ ਨੀਵੀਂ ਕੁਲ, 'ਨਾਈ' ਜਾਤੀ' ਵਿਚ ਹੋਇਆ । ਜਨਮ-ਮਿਤੀ ਅਤੇ ਸੰਨ-ਸੰਮਤ ਦਾ ਪਤਾ ਨਹੀਂ ਲਗਦਾ, ਪਰ ਇਹ ਤਾਂ ਸਪਸ਼ਟ ਹੀ ਹੈ ਕਿ ਆਪ ਭਗਤ ਕਬੀਰ ਜੀ ਦੇ ਸਮਕਾਲੀ ਸਨ । ਭਾਈ ਗੁਰਦਾਸ ਜੀ ਦੀ ਵਾਰ 10, ਪਉੜੀ, 16 ਵਿਚ, ਭਾਈ ਸਾਹਿਬ ਦਸਦੇ ਹਨ ਕਿ ਕਬੀਰ ਨੀਵੀਆਂ ਜਾਤਾਂ ਵਿਚੋਂ ਗੁਰੂ ਰਾਮਾਨੰਦ ਜੀ ਦੇ ਪਹਿਲੇ ਸਿਖ ਹੋਏ, ਅਤੇ ਇਹਨਾਂ ਦੀ ਭਗਤੀ ਦਾ ਉਸ ਸਮੇਂ ਦੇ ਲੋਗਾਂ ਵਿਚ ਕਾਫੀ ਪ੍ਰਭਾਵ ਪਿਆ । ਦੂਜੇ ਨੰਬਰ ਤੇ, ਗੁਰੂ ਰਾਮ ਨੰਦ ਦੀ ਨੂੰ ਨੀਵੀਂ ਕੁਲ ਵਿਚੋਂ ਗੁਰੂ ਧਾਰਨ ਕਰਨ ਵਾਲਾ ਸਿਖ ਸੈਣ ਨਾਈ ਸੀ ।

"ਸੁਣ ਪ੍ਰਤਾਪ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ ।"

ਭਾਵੇਂ ਗੁਰੂ ਰਾਮਾਨੰਦ ਜੀ ਆਪ ਬ੍ਰਾਹਮਣ ਸਨ ਪਰ "ਭਗਤ-ਭੰਡਾਰ" ਵੰਡਣ ਲਗਿਆਂ ਆਪ ਨੇ ਉਚ ਕੁਲ ਅਤੇ ਨੀਵੀਂ ਕੁਲ ਦੇ ਵਿਤਕਰੇ ਨੂੰ ਛਿਕੇ ਟੰਗ ਕੇ, ਜੋ ਜੋ ਪ੍ਰਾਣੀ 'ਭਗਤ-ਭੰਡਰ' ਵਿਚੋਂ ਅੰਮ੍ਰਿਤ ਭੁੰਚਣ ਦਾ ਅਧਿਕਾਰੀ ਸੀ, ਉਸ ਨੂੰ ਚੇਲਾ ਬਣਾਇਆ । 'ਗਿਆਨ ਮਾਰਗ' ਕੇਵਲ ਗਿਆ-ਨੀਆਂ ਲਈ ਸੀ । ਉਸ ਸਮੇਂ ਦੇ ਪੜ੍ਹੇ ਲਿਖੇ ਵਿਦਵਾਨ ਉਹ ਸਮਝੇ ਜਾਂਦੇ ਸਨ ਜੋ ਵੇਦ-ਸ਼ਾਸਤ੍ਰਾਂ ਦੇ ਮਾਹਰ ਸਨ ਅਤੇ ਇਸ ਕੰਮ ਵਿਚ ਕੇਵਲ ਬ੍ਰਾਹਮਣਾਂ ਨੂੰ ਹੀ ਏਕ ਅਧਿਕਾਰ (monopoly) ਪ੍ਰਾਪਤ ਸੀ । ਇਸ ਹਿਸਾਬ ਨਾਲ ਕੇਵਲ ਬ੍ਰਾਹਮਣ ਜਾਂ ਕੁਝ ਵਿਰਲੇ ਹੋਰ ਗਿਆਨੀ ਧਿਆਨੀ ਬਣ ਸਕਦੇ ਸਨ । ਬਾਕੀ ਜਾਤੀਆਂ ਇਸ ਲਾਇਕ ਭੀ ਨਹੀਂ ਸਨ ਮੰਨੇ ਜਾਂਦੇ ।

ਨੀਚਹੁ ਊਚ ਕਰੈ ਮੇਰਾ ਗੋਬਿੰਦ
ਕਾਹੂ ਤੇ ਨ ਡਰੈ ॥

ਪਰ ਕੀ ਰੱਬ ਕਿਸੇ ਇਕ ਜਾਤੀ ਦਾ ਹੈ ? ਨਹੀਂ, ਨਹੀਂ, ਹਰਗਿਜ਼ ਨਹੀਂ । ਕਿਥੇ ਬ੍ਰਹਿਮਣ ਤੇ ਕਿਥੇ ਸ਼ੂਦਰ ? ਪਰ ਪਰਮ-ਪੁਰਖ ਜੀ ਦੀ ਖੇਡ ਨਿਰਾਲੀ ਹੈ ।

ਭਾਈ ਗੁਰਦਾਸ ਜੀ ਦੀ ਉਪਰੋਕਤ ਪਉੜੀ ਵਿਚ ਸੈਣ ਜੀ ਦੀ ਜਿਸ ਜੀਵਨ ਘਟਨਾ ਵਲ ਸੰਕੇਤ ਦਿਤਾ ਗਿਆ ਹੈ । ਉਹ ਉਹਨਾਂ ਦੇ ਜੀਵਨ ਦੀ ਸਭ ਤੋਂ ਵਡੀ ਘਟਨਾ ਹੈ । ਸੈਣ ਜੀ, ਰਾਜਾ ਰਾਮ ਜੋ ਬਾਧਵਗੜ੍ਹ (ਰੀਵਾ, ਮਧ-ਪਰਦੇਸ਼) ਦਾ ਬਾਦਸ਼ਾਹ ਸੀ, ਪਾਸ ਰਾਜ-ਨਾਈ ਸੀ ਅਤੇ ਨਾਈ ਦਾ ਕੰਮ ਹੁੰਦਾ ਸੀ, ਰਾਜੇ ਨੂੰ ਹਰ ਤਰ੍ਹਾਂ ਸਰੀਰਕ ਸੁਖ ਦੇਣਾ । ਮੁੰਡਨ ਤੋਂ ਛੁਟ, ਰਾਜੇ ਦੇ ਸਰੀਰ ਦੀ ਮਾਲਸ਼ ਕਰਨਾ, ਇਸ਼ਨਾਨ ਕਰਾਉਣਾ, ਜਾਂ ਥਕੇ ਹੋਏ ਰਾਜੇ ਨੂੰ ਘੁਟਣਾ-ਦਬਣਾ । ਜਾਂ ਬੁਤਕਾਰੀ (ਨਿਕਾ ਮੋਟਾ ਕੰਮ ਕਰ ਦੇਣਾ) ਦਾ ਕੰਮ ਕਰਨਾ ।



www.AKJ.Org

ਰੈਣ ਸਬਾਈ ਕੀਰਤਨ ਉਹਨਾਂ ਦਿਨਾਂ ਵਿਚ ਭਗਤੀ ਮਾਰਗ ਦਾ ਇਕ ਵਿਸੇਸ਼ ਅੰਗ ਸੀ ! ਹੁਣ ਭੀ ਯੂ: ਪੀ. ਅਤੇ ਮਧ-ਪਰਦੇਸ਼ ਵਿਚ ਰਮਤੀਆਂ-ਕੀਰਤਨ-ਮੰਡਲੀਆਂ, ਰਾਮ-ਰਾਮ ਦੀਆਂ ਕਈ ਪਰਕਾਰੀ ਧਨੀਆਂ ਦੇ ਸਹਾਰੇ ਸਾਰੀ ਰਾਤ ਕੀਰਤਨ ਕਰਦਿਆਂ ਵੇਖਣ ਵਿਚ ਆਉਂਦੀਆ ਮਿਲਦੀਆਂ ਹਨ। ਸਾਨੂੰ ਸਚੇ-ਪਾਤਸ਼ਾਹ ਨੇ ਗੁਰਬਾਣੀ ਦਾ ਅਥਾਹ-ਖਜ਼ਾਨਾ ਬਖਸ਼ਿਆ ਹੈ, ਕੀਰਤਨ ਲਈ। ਸੋ 'ਕਰਿ ਕੀਰਤਨ ਖਾਹੁ''

ਇਕ ਵਾਰੀ ਸੈਣ ਨਾਈ ਭੀ, ਰਾਜੇ ਦੀ ਪਹਿਲੀ ਰਾਤ ਦੀ ਸੇਵਾ ਤੋਂ ਵੇਹਲੇ ਹੋ ਕੇ ਸੰਤ ਪ੍ਰਾਹੁਣਿਆਂ ਦੀ ਸੰਗਤ ਵਿਚ ਜਾਏ ਬੈਠਾ। ਸਾਰੀ ਰਾਤ ਉਸ ਨੂੰ ਅਜਿਹਾ ਅਨੰਦ ਆਇਆ ਕਿ ਉਹ ਅਪਣੀ ਅਗਲੀ ਸਵੇਰ ਦੀ ਰਾਜੇ ਦੀ ਅਰਦਲ ਵਿਚ ਹਾਜ਼ਰ ਹੋਣਾ ਭੁਲ ਹੀ ਗਿਆ। ਉਸ ਨੂੰ ਉਸ ਕੀਰਤਨ-ਲੋਰਾਂ ਵਿਚ ਇਸ ਸੰਸਾਰ ਦੇ ਕੰਮ-ਧੰਦਿਆਂ ਦੀ ਉਕਾ ਹੀ ਸੁਰਤ ਨਾ ਰਹੀ। ਸੁਰਤ ਤਾਂ ਕਿਤੇ ਹੋਰ ਸੀ।

ਪਰ ਜਦੋਂ ਸੁਰਤ ਪਰਤੀ ਤਾਂ ਰਾਜ ਦਰਬਾਰ ਗਿਆ। ਅੰਦਰੋਂ ਸ਼ਰਮਸਾਰ, ਕਿ ਰਾਜਾ ਨੂੰ ਕੀ ਜਵਾਬ ਦਿਆਂਗਾ, ਪਰ ਇਥੇ ਤਾਂ ਖੇਡ ਹੀ ਹੋਰ ਵਰਤ ਚੁਕੀ ਸੀ। 'ਸੈਣ ਰੂਪ ਹਰਿ ਹੋਇ ਕੈ' ਨੇ ਰਾਣੇ ਦੀ ਬਹੁਤ ਚੰਗੀ ਸੇਵਾ ਕੀਤੀ। ਹੁਣ ਸੈਣ ਜੀ ਨੂੰ ਦੁਬਾਰਾ ਦੇਖ ਕੇ ਰਾਜੇ ਨੇ ਹੈਰਾਨ ਹੋ ਕੇ ਪੁਛਿਆ, 'ਕੀ ਗੱਲ ਹੈ ਸੈਣ।' ਸੈਣ ਨੇ ਗੈਰ-ਹਾਜ਼ਰੀ ਲਈ ਮਾਫ਼ੀ ਮੰਗੀ। ਪਰ ਰਾਜਾ ਅਤੇ ਸੈਣ ਦੋਵੇਂ ਬਹੁਤ ਹੈਰਾਨ ਹੋਏ। ਜਦੋਂ ਇਹ ਪਤਾ ਲੱਗਾ ਕਿ ਕੋਈ ਹੋਰ ਹੀ ਰਾਣੇ ਨੂੰ ਰੀਝਾ ਗਿਆ ਹੈ। ਭਗਤ ਜੀ ਦੀ ਜੈ ਜੈ ਕਾਰ ਹੋਈ।

ਪ੍ਰਭੂ ਪਿਤਾ ਨੂੰ :—

ਹਰਿ ਆਪਣੀ ਵਡਿਆਈ ਭਾਂਵਦੀ,
ਜਨ ਕਾ ਜੈਕਾਰ ਕਰਾਈ ॥

ਇਸ ਤਰ੍ਹਾਂ ਦੀਆਂ (divine impers'onation) ਪ੍ਰਭੂ-ਲੀਲ੍ਹਾ ਦੀਆਂ ਵਾਰਦਾਤਾਂ ਮੌਜੂਦਾ ਸਮੇਂ ਵਿਚ ਸੰਤ ਬਾਬਾ ਅਤਰ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨਾਲ ਭੀ ਹੋਈਆਂ, ਜਿਸ ਤੋਂ ਦੋਨੋਂ ਮਹਾਂ ਪੁਰਖਾਂ ਨੇ ਨੌਕਰੀ ਛੱਡ ਦਿੱਤੀ। ਤੇ ਇਕ ਮਨ ਇਕ ਚਿੱਤ ਹੋ ਕੇ ਉਸ 'ਸਭ ਰਾਜਨ ਕੇ ਰਾਜਾ' ਦੀ ਸਾਰੀ ਉਮਰ ਚਾਕਰੀ ਕੀਤੀ। ਅਨੁਮਾਨ ਹੈ ਕਿ ਭਗਤ ਸੈਣ ਜੀ ਨੇ ਭੀ ਇਸ ਘਟਨਾ ਤੋਂ ਉਪਰੰਤ 'ਰਾਜਨ ਕੇ ਰਾਜਾ' ਦੀ ਸੱਚੀ ਸੁੱਚੀ ਸੇਵਾ ਵਿਚ ਹੀ ਆਪਣਾ ਜੀਵਨ ਲਾਇਆ।

ਅਵਰਿ ਕਾਜ ਤੇਰੈ ਕਿਤੈ ਨਾ ਕਾਮ ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥੧॥

ਪੰਜਵੇਂ ਸਤਿਗੁਰੂ ਜੀ ਨੇ ਆਪ ਜੀ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰ ਕੇ ਪ੍ਰਤੀਨਿਧਤਾ ਦਿੱਤੀ ਹੈ ਤੇ ਨਿਵਾਜਿਆ ਹੈ। ਧਨਾਸਰੀ ਰਾਗ ਵਿਚ ਸੈਣ ਜੀ ਦਾ ਇਹ ਸ਼ਬਦ ਆਇਆ ਹੈ :—

ਧੂਪ ਦੀਪ ਘ੍ਰਿਤ ਸਾਜਿ ਆਰਤੀ ॥
ਵਾਰਨੇ ਜਾਉ ਕਮਲਾ ਪਾਤੀ ॥੧॥
ਮੰਗਲਾ ਹਰਿ ਮੰਗਲਾ ॥
ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥
ਰਹਾਉ ॥
ਉਤਮ ਦੀਅਰਾ ਨਿਰਮਲ ਬਾਤੀ ॥
ਤੁਹੀ ਨਿਰੰਜਨੁ ਕਮਲਾ ਪਾਤੀ ॥੨॥
ਰਾਮਾ ਭਗਤਿ ਰਾਮਾਨੰਦ ਜਾਨੈ ॥



www.AKJ.Org

ਪੂਰਨ ਪਰਮਾਨੰਦੁ ਬਖਾਨੈ ॥੩॥
ਮਦਨ ਮੂਰਤਿ ਭੈ ਤਾਰਿ ਗੋਬਿੰਦੇ ॥
ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥
(ਪੰਨਾ-੬੯੫)

ਇਸ ਸ਼ਬਦ ਵਿਚ ਪ੍ਰਭੂ-ਪਿਤਾ ਜੀ ਦੀ ਆਰਤੀ ਉਤਾਰੀ ਹੈ। ਆਰਤੀ ਦੇ ਸ਼ਬਦਾਂ ਵਿਚ ਇਸ ਸ਼ਬਦ ਦਾ ਭੀ ਉਚਾਰਨ ਕੀਤਾ ਜਾਂਦਾ ਹੈ। ਭਗਤ ਸੈਣ ਜੀ ਦੇ ਅੰਦਰ ਦੀ ਅਵਸਥਾ ਦੇ ਦਰਸ਼ਨ ਹੋ ਰਹੇ ਹਨ। ਪੰਜਵੇਂ ਸਤਿਗੁਰੂ ਜੀ ਨੇ ਭੀ ਇਕ ਥਾਂ ਇਹਨਾ ਬਾਰੇ ਇਉਂ ਜ਼ਿਕਰ ਕੀਤਾ ਹੈ :—

ਸੈਨੁ ਨਾਈ ਬੁਤਕਾਰੀਆ,
ਉਹ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮੁ,
ਭਗਤਾਂ ਮਹਿ ਗਨਿਆ ॥ (ਮਹਲਾ ੫)

(ਬੁਤਕਾਰੀਆ ਦੂਰ ਨੇੜੇ ਦੇ ਕੰਮ ਕਰਨ ਵਾਲ਼ਾ) ਇਸ ਸ਼ਬਦ ਵਿਚ ਹਿਰਦੇ ਵਸ ਜਾਣ ਦੀ ਅਵਸਥਾ ਅੰਦਰ ਮੰਗਲ ਮਈ ਹੋ ਕੇ ਗੁਣ ਗਾਏ ਜਾ ਰਹੇ ਹਨ। ਵਾਰਨੇ ਬਲਹਾਰਨੇ ਜਾ ਰਹੇ ਹਨ। ਕਮਲਾਪਾਤੀ (ਵਾਹਿਗੁਰੂ) ਨੂੰ ਮਦਨ ਮੂਰਤ, ਪਰਮਾਨੰਦ, ਪਰਮਾਨੰਦੇ, ਗੋਬਿੰਦੇ, ਨਿਰੰਜਨ ਅਤੇ ਰਾਮ ਰਾਏ ਨਾਵਾਂ ਨਾਲ ਪੁਕਾਰਿਆ ਹੈ।

'ਉਤਮ ਦੀਅਰਾ ਨਿਰਮਲ ਬਾਤੀ' ਵਿਚ ਭਗਤ ਰਵਿਦਾਸ ਜੀ ਦੇ ਸ਼ਬਦ ਦੇ ਪ੍ਰੇਮਾ-ਭਾਵ ਦੇ ਦਰਸ਼ਨ ਭੀ ਹੁੰਦੇ ਹਨ।

ਜਉ ਤੁਮ ਦੀਵਰਾ, ਤਉ ਹਮ ਬਾਤੀ।

ਇਹ ਪ੍ਰੇਮ ਆਰਤੀ ਹਿਰਦੇ ਵਸ ਰਹੇ ਵਾਹਿਗੁਰੂ ਜੀ ਦੇ ਅੱਗੇ ਪਿਆਰ ਬੇਨਤੀਆਂ ਹਨ। ਸਾਡੇ ਸੰਸਾਰ ਬਿਰਤੀ ਵਾਲਿਆਂ ਲਈ ਇਕੋ ਹੀ ਸੁਨੇਹਾ ਹੈ, 'ਸੈਨ ਭਣੈ, ਭਜੁ ਪਰਮਾਨੰਦੇ।' ਭਾਵ : ਸੈਣ ਕਹਿੰਦਾ ਹੈ, ਪਿਆਰਿਆ, ਨਾਮ ਜਪੁ।

————

## ਸ਼ੋਕਮਈ ਚਲਾਣਾ

ਸ਼ੋਕ ਨਾਲ ਇਹ ਖਬਰ ਦਿਤੀ ਜਾਂਦੀ ਹੈ ਕਿ ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਵਾਲਿਆਂ ਦੇ ਮਾਤਾ ਜੀ ਕੁਛ ਚਿਰ ਬੀਮਾਰ ਰਹਿਣ ਦੇ ਉਪਰੰਤ ਪਰਲੋਕ ਸਿਧਾਰ ਗਏ ਹਨ। ਆਪ ਜੀ ਦੇ ਨਮਿਤ ਰਖੇ ਅਖ਼ੰਡ ਪਾਠ ਦਾ ਭੋਗ ੧੮ ਮਾਰਚ ਨੂੰ ਪਿਆ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



www.AKJ.Org

# ਗਿ: ਹਰਬੰਸ ਸਿੰਘ ਜੀ (ਚੰਡੀਗੜ੍ਹ) ਰਚਿਤ :-

੧. ਜਪੁ ਨਿਰਣਯ :-

ਇਸ ਵਿਚ ਜਪੁਜੀ ਸਾਹਿਬ ਦਾ ਇਤਿਹਾਸ, ਜਪੁ ਮਹਾਤਮ ਸਾਖੀਆਂ, ਚੌਣਵੇਂ ਵਿਸ਼ਿਆਂ ਅਤੇ ਪੰਜ ਖੰਡਾਂ ਬਾਰੇ ਵਿਸ਼ੇਸ਼ ਵੀਚਾਰ' ਮੂਲ ਪਾਠ· ਪਦ-ਅਰਥ ਅਤੇ ਲਗ ਪਗ ੫੧ ਸ਼ੰਕਾਵਾਦੀ ਪ੍ਰਚਲਤ ਅਰਥਾਂ ਦੇ ਨਿਰਣੇ ਕੀਤੇ ਗਏ ਹਨ।

੨ ਚੰਡੀ ਦੀ ਵਾਰ ਨਿਰਣਯ :-

ਇਸ ਵਿਚ ਚੰਡੀ ਦੀ ਵਾਰਤਾ, ਯੁਧ ਦੇ ਸਤ ਦ੍ਰਿਸ਼, ਵਾਰ ਦਾ ਇਤਿਹਾਸ, ਅਤੇ ਪ੍ਰਚਲਤ ਸ਼ੰਕਿਆਂ ਸਬੰਧੀ ਲੋੜੀਂਦੇ ਵਿਚਾਰ, ਮੂਲ ਪਾਠ, ਪਦ ਅਰਥ ਅਤੇ ਅਰਦਾਜ ਦੇ ਅਰਥ ਭੁਲੇਖਿਆਂ ਨੂੰ ਦੂਰ ਕੀਤਾ ਗਿਆ ਹੈ। ਮੁਲ ੨-੫੦

੩. ਆਸਾ ਦੀ ਵਾਰ ਨਿਰਣਯ :-

ਇਸ ਵਿਚ ਗੁਰੂ ਨਾਨਕ ਵਾਰਤਾ, ਟੁੰਡੇ ਅਸਰਾਜੇ ਦੀ ਵਾਰਤਾ, ਮੂਲ-ਪਾਠ, ਪਦ ਅਰਥ, ਲਗ ਪਗ ੭੦ ਸ਼ੰਕਾਵਾਦੀ ਅਰਥਾਂ ਦੇ ਨਿਰਣੇ, ਧਾਰਮਿਕ ਤੇ ਸਮਾਜਿਕ ਵਿਸ਼ਿਆਂ ਸਬੰਧੀ ਸਿਧਾਂਤ, ਆਸਾ ਮਹਲਾ ੪ ਛੰਤ ਘਰ ੪ ਦੇ ਅਰਥ ਅਤੇ ਕੀਰਤਨ ਸਬੰਧੀ ਗੁਰਮਤਿ ਆਦੇਸ਼ਾਂ ਦੀ ਵਿਆਖਿਆ ਕੀਤੀ ਗਈ ਹੈ।

੪ ਅੰਮ੍ਰਿਤ ਨਿਤਨੇਮ ਨਿਰਣਯ (ਨਿਤਨੇਮ ਸੋਧਕ) :-

ਇਸ ਵਿਚ ਜਪੁ, ਜਾਪ ਸਵਈਏ, ਚੌਪਈ, ਅਨੰਦ, ਸੋਦਰੁ, ਸੋਹਿਲਾ। ਇਨ੍ਹਾਂ ਬਾਣੀਆਂ ਦੀ ਇਤਿ-ਹਾਸਕ ਜਾਣ-ਪਛਾਣ, ਅੰਮ੍ਰਿਤ ਨਿਤਨੇਮ ਬਾਰੇ ਗੁਰਮਤਿ ਆਦੇਸ਼ ਮੂਲ-ਪਾਠ ਪਦ ਅਰਥ, ਅਰਥ, ਪਾਠ-ਉਚਾਰਨ, ਪਾਠ ਸਰੂਪਾਂ ਦੇ ਭੇਦ ਅਤੇ ਸ਼ੰਕਾਵਾਦੀ ਅਰਥਾਂ ਦੇ ਨਿਰਣੇ ਕੀਤੇ ਗਏ ਹਨ।

੫. ਗੁਰਮਤਿ ਮਰਯਾਦਾ ਸੰਗ੍ਰਹਿ (ਭਾਗ ਪਹਿਲਾ) :-

ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ਨ, ਸੁਖਾਸਨ, ਨਿਵਾਸਨ, ਸੇਵਾ ਸਤਿਕਾਰ, ਮੱਥਾ ਟੇਕਣਾ, ਅਰਦਾਸ, ਕੜਾਹ ਪ੍ਰਸ਼ਾਦ ਆਦਿ ਪੁਰਾਤਨ ਰਹੁ-ਰੀਤੀਆਂ ਦੇ ਸਮੂਹ ਪੱਖਾਂ ਤੇ ਚਾਨਣ ਪਾਇਆ ਗਿਆ ਹੈ।

੬. ਅਕਾਲ ਉਸਤਤਿ ਨਿਰਣਯ :-

ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਕਾਲ-ਉਸਤਤ ਦਾ ਮੂਲ-ਪਾਠ, ਪਦ-ਅਰਥ ਤੇ ਪ੍ਰਚੱਲਤ ਮੌਕਿਆਂ ਸਬੰਧੀ ਲੋੜੀਂਦੇ ਵਿਚਾਰ ਦਿੱਤੇ ਹਨ।

ਮਿਲਣ ਦਾ ਪਤਾ :-**ਸੁੰਦਰ ਬੁੱਕ ਡਿਪੋ**

ਮਾਈ ਹੀਰਾਂ ਗੇਟ, ਜਲੰਧਰ।



www.AKJ.Org

.RA Regd. No. P 68 JULLUNDUR

ਵਿਦਿਆ ਵਿਭਾਗ ਪੰਜਾਬ ਵਲੋਂ "ਸੂਰਾ" ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿੱਠੀ ਨੰ: 3/70-68-4 (ਅ-ਪ) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

## ਗੁਰਪੁਰਬ ਤੇ ਸੰਗਰਾਂਦ

ਪਾ: ੯ ਅਵਤਾਰ ਧਾਰਿਆ ... ... ੪ ਅਪਰੈਲ

ਪਾ: ੫ ਅਵਤਾਰ ਧਾਰਿਆ ... ... ੬ ਅਪਰੈਲ

ਵਿਸਾਖੀ—ਸੰਗਰਾਂਦ ... ... ੧੩ ਅਪਰੈਲ

www.AKJ.Org